ਸ'ਚ ਦੀ ਉਭਰਦੀ ਆਵਾਜ਼

ਰੋਜ਼ਾਨਾ ਪੰਜ ਆਬ

www.5aab.media
Rojana 5aab
Sach di ubhardi awaz

ਸੰਪਾਦਕ - ਮਨਜੀਤ ਸਿੰਘ ਭੋਗਲ    ਸਹਿ ਸੰਪਾਦਕ - ਡਾ. ਸੁਰਜੀਤ ਸਿੰਘ ਜਰਮਨੀ

• ਜਰਮਨੀ • ਭਾਰਤ • ਵੀਰਵਾਰ 5 ਜੂਨ 2025 • ਸਾਲ 1 • ਅੰਕ 62 • ਪੰਨੇ 8 • Daily online PANJ AAB Newspaper • Germany & India • www.5aab.media

### ਮੁੱਖ ਮੰਤਰੀ ਦੀ ਅਗਵਾਈ ਹੇਠ ਕੈਬਨਿਟ ਵੱਲੋਂ ਮਿਸਾਲੀ ਕਿਰਤ ਸੁਧਾਰ ਨੂੰ ਪ੍ਰਵਾਨਗੀ

# 95 ਫੀਸਦੀ ਛੋਟੇ ਵਪਾਰੀਆਂ ਨੂੰ ਸ਼ਰਤਾਂ ਦੀ ਘੁੰਮਣਘੇਰੀ ਤੋਂ ਮਿਲੇਗੀ ਮੁਕਤੀ

- ਪੰਜਾਬ ਵੱਲੋਂ ਲੇਬਰ ਐਕਟ ਵਿੱਚ ਇਤਿਹਾਸਕ ਸੋਧ ਨਾਲ ਲੱਖਾਂ ਛੋਟੇ ਵਪਾਰੀਆਂ ਦਾ ਲਾਲ ਫੀਤਾਸ਼ਾਹੀ ਤੋਂ ਛੁਟਕਾਰਾ
- ਜੁਰਮਾਨੇ ਹੋਏ ਤਰਕਸੰਗਤ, ਪ੍ਰੇਸ਼ਾਨੀਆਂ ਵਿੱਚ ਕਟੌਤੀ ਅਤੇ ਕਿਰਤੀਆਂ ਦੇ ਅਧਿਕਾਰਾਂ ਦੀ ਰਾਖੀ
- 24 ਘੰਟਿਆਂ ਦੇ ਅੰਦਰ ਹੋਵੇਗੀ ਰਜਿਸਟਰੇਸ਼ਨ; ਛੋਟੀ ਉਲੰਘਣਾ ਲਈ ਹੁਣ ਨਹੀਂ ਲੱਗਣਗੇ ਅਦਾਲਤਾਂ ਦੇ ਚੱਕਰ



**ਚੰਡੀਗੜ੍ਹ** - ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਅੱਜ ਹੋਈ ਕੈਬਨਿਟ ਦੀ ਮੀਟਿੰਗ ਵਿੱਚ 95 ਫੀਸਦੀ ਛੋਟੇ ਕਾਰੋਬਾਰਾਂ ਉਤੇ ਲਗਦੀਆਂ ਸ਼ਰਤਾਂ ਨੂੰ ਘਟਾਉਂਦਿਆਂ ਅਤੇ ਕਾਰੋਬਾਰ ਨੂੰ ਸੁਖਾਲਾ ਬਣਾਉਣ ਲਈ ਪੰਜਾਬ ਦੁਕਾਨ ਤੇ ਵਪਾਰਕ ਅਦਾਰੇ ਐਕਟ, 1958 ਵਿੱਚ ਸੋਧ ਦੀ ਮਨਜ਼ੂਰੀ ਦੇ ਦਿੱਤੀ।

ਇਸ ਸਬੰਧੀ ਫੈਸਲਾ ਅੱਜ ਇੱਥੇ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਉਨ੍ਹਾਂ ਦੀ ਸਰਕਾਰੀ ਰਿਹਾਇਸ਼ ਉੱਤੇ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਲਿਆ ਗਿਆ।

ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਇਸ ਪ੍ਰਗਤੀਸ਼ੀਲ ਸੋਧ ਮੁਤਾਬਕ 20 ਤੱਕ ਮੁਲਾਜ਼ਮਾਂ ਵਾਲੇ ਸਾਰੇ ਅਦਾਰਿਆਂ ਨੂੰ ਹੁਣ ਇਸ ਐਕਟ ਦੀਆਂ ਸਾਰੀਆਂ ਤਜਵੀਜ਼ਾਂ ਤੋਂ ਛੋਟ ਹੋਵੇਗੀ।ਇਸ ਕਦਮ ਨਾਲ ਪੰਜਾਬ ਭਰ ਦੇ ਲੱਖਾਂ ਦੁਕਾਨ ਮਾਲਕਾਂ ਨੂੰ ਸਿੱਧਾ ਲਾਭ ਮਿਲਣ ਦੀ ਸੰਭਾਵਨਾ ਹੈ। ਹਾਲਾਂਕਿ ਅਜਿਹੇ ਅਦਾਰਿਆਂ ਨੂੰ ਆਪਣਾ ਕਾਰੋਬਾਰ ਸ਼ੁਰੂ ਕਰਨ ਜਾਂ ਇਸ ਐਕਟ ਦੇ ਲਾਗੂ ਹੋਣ ਦੇ ਛੇ ਮਹੀਨਿਆਂ ਦੇ ਅੰਦਰ-ਅੰਦਰ ਕਿਰਤ ਵਿਭਾਗ ਕੋਲ ਸਬੰਧਤ ਜਾਣਕਾਰੀ ਜਮ ?ਹਾਂ ਕਰਵਾਉਣ ਦੀ ਲੋੜ ਹੋਵੇਗੀ।

ਮੁਲਾਜ਼ਮਾਂ ਦੀਆਂ ਤਨਖ਼ਾਹਾਂ ਵਿੱਚ ਵਾਧੇ ਲਈ ਇਕ ਤਿਮਾਹੀ ਵਿੱਚ ਓਵਰਟਾਇਮ ਦੀ ਪ੍ਰਵਾਨਗੀ ਦੇ ਘੰਟੇ 50 ਤੋਂ ਵਧਾ ਕੇ 144 ਕਰ ਦਿੱਤੇ ਗਏ ਹਨ। ਇਸ ਤੋਂ ਇਲਾਵਾ ਰੋਜ਼ਾਨਾ ਦੇ ਕੰਮਕਾਜ ਦਾ ਸਮਾਂ 10 ਤੋਂ ਵਧਾ ਕੇ 12 ਘੰਟੇ ਕਰ ਦਿੱਤਾ ਗਿਆ, ਜਿਸ ਵਿੱਚ ਆਰਾਮ ਲਈ ਸਮਾਂ ਵੀ ਸ਼ਾਮਲ ਹੈ। ਇਸ ਦੇ ਨਾਲ-ਨਾਲ ਮੁਲਾਜ਼ਮਾਂ ਨੂੰ ਰੋਜ਼ਾਨਾ 9 ਘੰਟਿਆਂ ਜਾਂ ਹਫ਼ਤੇ ਵਿੱਚ 48 ਘੰਟਿਆਂ ਤੋਂ ਵੱਧ ਸਮੇਂ ਉੱਤੇ ਨਿਯਮਤ ਦਰ ਤੋਂ ਦੁੱਗਣੀ ਦਰ ਨਾਲ ਭੁਗਤਾਨ ਕਰਨਾ ਲਾਜ਼ਮੀ ਹੋਵੇਗਾ।

ਰਜਿਸਟ ?ਰੇਸ਼ਨ ਪ੍ਰਕਿਰਿਆ ਨੂੰ ਵੀ ਸੁਚਾਰੂ ਕਰ ਦਿੱਤਾ ਗਿਆ ਹੈ ਅਤੇ 20 ਜਾਂ ਵੱਧ ਮੁਲਾਜ਼ਮਾਂ ਵਾਲੇ ਅਦਾਰਿਆਂ ਨੂੰ ਹੁਣ ਅਰਜ਼ੀ ਜਮ ?ਹਾਂ ਕਰਵਾਉਣ ਦੇ 24 ਘੰਟਿਆਂ ਦੇ ਅੰਦਰ-ਅੰਦਰ ਰਜਿਸਟ ?ਰੇਸ਼ਨ ਲਈ ਮਨਜ਼ੂਰੀ ਖ਼ੁਦ-ਬ-ਖ਼ੁਦ ਮਿਲੀ ਹੋਈ ਮੰਨੀ ਜਾਵੇਗੀ। ਇਸ ਸੋਧ ਤਹਿਤ 20 ਮੁਲਾਜ਼ਮਾਂ ਤੱਕ ਵਾਲੇ ਅਦਾਰਿਆਂ ਨੂੰ ਸਿਰਫ਼ ਮੁੱਢਲੀ ਜਾਣਕਾਰੀ ਦੇਣ ਦੀ ਲੋੜ ਹੋਵੇਗੀ ਅਤੇ ਉਨ੍ਹਾਂ ਨੂੰ ਰਜਿਸਟਰ ਦੀ ਲੋੜ ਨਹੀਂ ਹੋਵੇਗੀ। ਇਸ ਦੇ ਨਾਲ-ਨਾਲ ਧਾਰਾ 21 ਤੇ 26 ਅਧੀਨ ਜੁਰਮਾਨਿਆਂ ਨੂੰ ਵੀ ਤਰਕਸੰਗਤ ਕਰਦਿਆਂ ਘੱਟ ਤੋਂ ਘੱਟ ਜੁਰਮਾਨਾ 25 ਰੁਪਏ ਤੋਂ ਇਕ ਹਜ਼ਾਰ ਰੁਪਏ ਅਤੇ ਵੱਧ ਤੋਂ ਵੱਧ ਜੁਰਮਾਨਾ 100 ਰੁਪਏ ਤੋਂ ਵਧਾ ਕੇ 30 ਹਜ਼ਾਰ ਰੁਪਏ ਕਰ ਦਿੱਤਾ ਗਿਆ ਹੈ।

ਪ੍ਰੇਸ਼ਾਨੀਆਂ ਘਟਾਉਣ ਅਤੇ ਕਾਰੋਬਾਰਾਂ ਨੂੰ ਸ਼ਰਤਾਂ ਦੀ ਪਾਲਣਾ ਲਈ ਸਮਾਂ ਦੇਣ (ਬਾਕੀ 2 ਤੇ)



### RCB ਦੀ ਜਿੱਤ ਪਰੇਡ ਤੋਂ ਪਹਿਲਾਂ ਚਿੰਨਾਸਵਾਮੀ ਸਟੇਡੀਅਮ ਦੇ ਬਾਹਰ ਭਗਦੜ

# 11 ਦੀ ਮੌਤ, ਕਈ ਜ਼ਖਮੀ

**ਬੰਗਲੁਰੂ** - IPL-2025 ਦੇ 18ਵੇਂ ਸੀਜ਼ਨ ਦੇ ਫਾਈਨਲ ਵਿੱਚ ਜਿੱਤ ਕੇ ਚੈਂਪੀਅਨ ਬਣਨ ਤੋਂ ਬਾਅਦ ਜਸ਼ਨ ਮਨਾ ਰਹੀ ਰਾਇਲ ਚੈਲੇਂਜਰਜ਼ ਬੰਗਲੌਰ ਦੀ ਟੀਮ ਬੰਗਲੁਰੂ ਪਹੁੰਚੀ। ਜਿੱਥੇ ਜਿੱਤ ਦਾ ਜਸ਼ਨ ਮਨਾਇਆ ਗਿਆ। ਇਸ ਜਸ਼ਨ ਨੂੰ ਦੇਖਣ ਲਈ ਸਟੇਡੀਅਮ ਦੇ ਨੇੜੇ ਵੱਡੀ ਗਿਣਤੀ ਵਿੱਚ ਪ੍ਰਸ਼ੰਸਕ ਇਕੱਠੇ ਹੋਏ ਸਨ, ਪਰ ਇਸ ਦੌਰਾਨ ਭਗਦੜ ਮਚ ਗਈ ਅਤੇ 11 ਆਰਸੀਬੀ ਪ੍ਰਸ਼ੰਸਕਾਂ ਦੀ ਮੌਤ ਹੋ ਗਈ। ਭਗਦੜ ਵਿੱਚ 20 ਤੋਂ ਵੱਧ ਲੋਕ ਜ਼ਖਮੀ ਹੋ ਗਏ ਹਨ, ਜਿਨ੍ਹਾਂ ਵਿੱਚੋਂ ਛੇ ਤੋਂ ਵੱਧ ਪ੍ਰਸ਼ੰਸਕਾਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਜ਼ਖਮੀਆਂ ਨੂੰ ਸ਼ਿਵਾਜੀਨਗਰ ਦੇ ਬੋਰਿੰਗ ਅਤੇ ਲੇਡੀ ਕਰਜ਼ਨ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।

ਦੱਸਿਆ ਜਾ ਰਿਹਾ ਹੈ ਕਿ ਸਟੇਡੀਅਮ ਦੇ ਬਾਹਰ ਬਹੁਤ ਜ਼ਿਆਦਾ ਭੀੜ ਸੀ, ਜਿਸ ਕਾਰਨ ਉਸ ਸੜਕ 'ਤੇ ਵਾਹਨ ਅੱਗੇ ਨਹੀਂ ਵਧ ਸਕੇ ਅਤੇ ਜਾਮ ਲੱਗ ਗਿਆ। ਭੀੜ ਨੂੰ ਕਾਬੂ ਕਰਨ ਲਈ ਪੁਲਿਸ ਨੇ ਲਾਠੀਚਾਰਜ ਕੀਤਾ, ਜਿਸ ਕਾਰਨ ਭਗਦੜ ਮਚ ਗਈ। ਭਗਦੜ ਵਿੱਚ ਕਈ ਲੋਕ ਗੰਭੀਰ ਜ਼ਖਮੀ ਹੋ ਗਏ। ਪੁਲਿਸ ਜ਼ਖਮੀਆਂ ਨੂੰ ਆਪਣੀ ਜੀਪ ਵਿੱਚ ਹਸਪਤਾਲ ਲੈ ਗਈ। ਇਸ ਦੌਰਾਨ ਬੈਰੀਕੇਡ ਡਿੱਗਣ ਕਾਰਨ ਤਿੰਨ ਲੋਕਾਂ ਦੀਆਂ ਲੱਤਾਂ ਟੁੱਟ ਗਈਆਂ। ਹੁਣ ਤੱਕ ਭਗਦੜ ਵਿੱਚ 10 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਦੋਂ ਕਿ 20 ਤੋਂ ਵੱਧ ਲੋਕ ਜ਼ਖਮੀ ਹਨ।

ਆਰਸੀਬੀ ਦੀ ਜਿੱਤ ਤੋਂ ਬਾਅਦ ਬੰਗਲੁਰੂ ਵਿੱਚ ਜਸ਼ਨ ਦਾ ਮਾਹੌਲ

ਤੁਹਾਨੂੰ ਦੱਸ ਦੇਈਏ ਕਿ ਰਾਇਲ ਚੈਲੇਂਜਰਜ਼ ਬੰਗਲੁਰੂ ਦੇ ਆਈਪੀਐਲ ਜੇਤੂ ਬਣਨ ਤੋਂ ਬਾਅਦ, ਕਰਨਾਟਕ ਦੀ ਰਾਜਧਾਨੀ ਬੰਗਲੁਰੂ ਵਿੱਚ ਤਿਉਹਾਰ ਦਾ ਮਾਹੌਲ ਹੈ। ਬੀਤੀ ਦੇਰ ਰਾਤ ਤੋਂ RCB ਪ੍ਰਸ਼ੰਸਕ ਸੜਕਾਂ 'ਤੇ ਜਸ਼ਨ ਮਨਾ ਰਹੇ ਹਨ। ਇਸ ਦੌਰਾਨ, ਅੱਜ ਬੰਗਲੁਰੂ ਦੇ ਚਿੰਨਾਸਵਾਮੀ ਸਟੇਡੀਅਮ ਵਿੱਚ ਆਰਸੀਬੀ ਦੀ ਜਿੱਤ ਪਰੇਡ ਦਾ ਪ੍ਰਬੰਧ ਕੀਤਾ ਗਿਆ ਸੀ, ਜਿਸ ਨੂੰ ਦੇਖਣ ਲਈ ਵੱਡੀ ਗਿਣਤੀ ਵਿੱਚ ਪ੍ਰਸ਼ੰਸਕ ਸਟੇਡੀਅਮ ਵੱਲ ਜਾ ਰਹੇ ਹਨ।

ਬੱਸ ਸਟੇਸ਼ਨ ਤੋਂ ਮੈਟਰੋ ਸਟੇਸ਼ਨ ਤੱਕ ਵੱਡੀ ਭੀੜ ਹੈ। ਬੰਗਲੁਰੂ ਦੇ ਇੱਕ ਮੈਟਰੋ ਸਟੇਸ਼ਨ ਦਾ ਵੀਡੀਓ ਸਾਹਮਣੇ ਆਇਆ ਹੈ, ਜਿਸ ਵਿੱਚ ਦੇਖਿਆ ਜਾ ਸਕਦਾ ਹੈ ਕਿ (ਬਾਕੀ 2 ਤੇ)







### ਪੀਐਮ ਮੋਦੀ ਅਤੇ ਸਿੱਦਰਮਈਆ ਨੇ ਭਗਦੜ 'ਤੇ ਦੁੱਖ ਪ੍ਰਗਟ ਕੀਤਾ



**ਨਵੀਂ ਦਿੱਲੀ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੰਗਲੁਰੂ ਦੇ ਚਿੰਨਾਸਵਾਮੀ ਸਟੇਡੀਅਮ ਦੇ ਬਾਹਰ ਹੋਈ ਭਗਦੜ 'ਤੇ ਦੁੱਖ ਪ੍ਰਗਟ ਕੀਤਾ। ਪ੍ਰਧਾਨ ਮੰਤਰੀ ਦਫ਼ਤਰ ਦੇ ਅਧਿਕਾਰਤ ਐਕਸ ਹੈਂਡਲ 'ਤੇ ਪੋਸਟ ਕਰਦੇ ਹੋਏ ਲਿਖਿਆ ਗਿਆ, 'ਬੰਗਲੁਰੂ ਵਿੱਚ ਹਾਦਸਾ ਬਹੁਤ ਦੁਖਦਾਈ ਹੈ। ਮੇਰੀ ਸੰਵੇਦਨਾ ਉਨ੍ਹਾਂ ਸਾਰਿਆਂ ਨਾਲ ਹੈ ਜਿਨ੍ਹਾਂ ਨੇ ਇਸ ਦੁਖਦਾਈ ਘੜੀ ਵਿੱਚ ਆਪਣੇ ਅਜ਼ੀਜ਼ਾਂ ਨੂੰ ਗੁਆ ਦਿੱਤਾ ਹੈ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਜ਼ਖਮੀ ਲੋਕ ਜਲਦੀ ਠੀਕ ਹੋ ਜਾਣ।'



ਇਸ ਘਟਨਾ ਬਾਰੇ ਜਾਣਕਾਰੀ ਦਿੰਦੇ ਹੋਏ ਕਰਨਾਟਕ ਦੇ ਮੁੱਖ ਮੰਤਰੀ ਸਿੱਧਰਮਈਆ ਨੇ ਕਿਹਾ, 'ਬੰਗਲੁਰੂ ਦੇ ਚਿੰਨਾਸਵਾਮੀ ਸਟੇਡੀਅਮ ਵਿੱਚ ਆਰਸੀਬੀ ਟੀਮ (ਬਾਕੀ 2 ਤੇ)

### ਕੈਨੇਡਾ ਦੇ ਟੋਰਾਂਟੋ 'ਚ ਗੋਲੀਬਾਰੀ, ਇੱਕ ਵਿਅਕਤੀ ਦੀ ਮੌਤ ਤੇ ਕਈ ਜ਼ਖਮੀ

**ਟੋਰਾਂਟੋ।** ਕੈਨੇਡਾ ਵਿੱਚ ਇੱਕ ਵਾਰ ਫਿਰ ਸਮੂਹਿਕ ਗੋਲੀਬਾਰੀ ਦੀ ਘਟਨਾ ਵਾਪਰੀ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਘਟਨਾ ਟੋਰਾਂਟੋ ਵਿੱਚ ਵਾਪਰੀ ਹੈ। ਇਸ ਗੋਲੀਬਾਰੀ ਵਿੱਚ ਇੱਕ ਵਿਅਕਤੀ ਦੀ ਮੌਤ ਹੋਣ ਦੀ ਖ਼ਬਰ ਹੈ ਜਦੋਂ ਕਿ ਪੰਜ ਲੋਕ ਗੰਭੀਰ ਜ਼ਖਮੀ ਵੀ ਹੋਏ ਹਨ। ਸਥਾਨਕ ਮੀਡੀਆ ਅਨੁਸਾਰ ਗੋਲੀਬਾਰੀ ਦੀ ਇਹ ਘਟਨਾ ਲਾਰੈਂਸ ਹਾਈਟਸ ਇਲਾਕੇ ਵਿੱਚ ਵਾਪਰੀ। ਪੁਲਿਸ ਨੇ ਇਸ ਘਟਨਾ ਦੀ ਜਾਣਕਾਰੀ ਮਿਲਦੇ ਹੀ ਜਾਂਚ ਸ਼ੁਰੂ ਕਰ ਦਿੱਤੀ ਗਈ। ਇਸ ਮਾਮਲੇ ਵਿੱਚ ਹੁਣ ਤੱਕ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਹੈ। ਟੋਰਾਂਟੋ ਪੁਲਿਸ ਅਤੇ ਪੈਰਾਮੈਡਿਕਸ ਨੇ ਦੱਸਿਆ ਕਿ ਪੁਲਿਸ ਟੀਮ ਨੂੰ ਮੰਗਲਵਾਰ ਰਾਤ 8:30 ਵਜੇ ਇਸ ਗੋਲੀਬਾਰੀ ਦੀ ਜਾਣਕਾਰੀ ਮਿਲੀ ਸੀ। ਇਸ ਤੋਂ ਬਾਅਦ ਮੌਕੇ 'ਤੇ ਪਹੁੰਚ ਕੇ ਜ਼ਖਮੀਆਂ ਨੂੰ ਨੇੜਲੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਪੁਲਿਸ ਅਨੁਸਾਰ ਇਸ ਗੋਲੀਬਾਰੀ ਵਿੱਚ ਜ਼ਖਮੀਆਂ ਅਤੇ ਮਰਨ ਵਾਲਿਆਂ ਦੀ ਉਮਰ 18 ਤੋਂ 40 ਸਾਲ ਦੇ ਵਿਚਕਾਰ ਹੈ। ਪੁਲਿਸ ਇਸ ਸਮੇਂ ਇਸ ਘਟਨਾ ਵਿੱਚ ਸ਼ਾਮਲ ਮੁਲਜ਼ਮਾਂ ਦੀ ਭਾਲ ਕਰ ਰਹੀ ਹੈ। ਪੁਲਿਸ ਸ਼ੱਕੀ ਦੀ ਭਾਲ ਕਰ ਰਹੀ ਹੈ। ਜਾਂਚ ਦੌਰਾਨ ਪੁਲਿਸ ਨੇ ਰਾਣੀ ਐਵੇਨਿਊ ਅਤੇ ਫਲੇਮਿੰਗਟਨ ਰੋਡ ਦੇ ਨੇੜੇ ਇੱਕ ਕਮਾਂਡ ਪੋਸਟ ਵੀ ਸਥਾਪਤ ਕੀਤੀ ਹੈ।

### ਕਸ਼ਮੀਰ ਮੁੱਦੇ 'ਤੇ ਪਾਕਿਸਤਾਨ ਫਿਰ ਰੋਇਆ, ਬਿਲਾਵਲ ਭੁੱਟੋ ਨੇ ਕਿਹਾ

# ਸੰਯੁਕਤ ਰਾਸ਼ਟਰ ਤੋਂ ਵੀ ਕੋਈ ਮਦਦ ਨਹੀਂ ਮਿਲੀ



**ਨਵੀਂ ਦਿੱਲੀ।** ਨਿਊਯਾਰਕ ਵਿੱਚ ਇੱਕ ਪ੍ਰੈਸ ਕਾਨਫਰੰਸ ਵਿੱਚ, ਪਾਕਿਸਤਾਨ ਦੇ ਸਾਬਕਾ ਵਿਦੇਸ਼ ਮੰਤਰੀ ਬਿਲਾਵਲ ਭੁੱਟੋ ਜ਼ਰਦਾਰੀ ਨੇ ਇੱਕ ਵਾਰ ਫਿਰ ਕਸ਼ਮੀਰ ਦਾ ਮੁੱਦਾ ਉਠਾਇਆ ਹੈ। ਉਨ੍ਹਾਂ ਕਿਹਾ ਕਿ ਸੰਯੁਕਤ ਰਾਸ਼ਟਰ ਦੇ ਅਧਿਕਾਰੀਆਂ ਅਤੇ ਡਿਪਲੋਮੈਟਾਂ ਨਾਲ ਆਪਣੀਆਂ ਮੀਟਿੰਗਾਂ ਵਿੱਚ, ਉਨ੍ਹਾਂ ਨੂੰ ਅੱਤਵਾਦ ਅਤੇ ਪਾਣੀ ਵਰਗੇ ਮੁੱਦਿਆਂ 'ਤੇ ਮਦਦ ਮਿਲੀ ਪਰ ਇਹ ਕਸ਼ਮੀਰ ਤੱਕ ਨਹੀਂ ਪਹੁੰਚੀ।

ਵਫ਼ਦ ਦੀ ਅਗਵਾਈ ਕਰ ਰਹੇ ਪਾਕਿਸਤਾਨ ਦੇ ਸਾਬਕਾ ਵਿਦੇਸ਼ ਮੰਤਰੀ ਬਿਲਾਵਲ ਭੁੱਟੋ ਜ਼ਰਦਾਰੀ ਨੇ ਮੰਨਿਆ ਹੈ ਕਿ ਉਨ੍ਹਾਂ ਦੇ ਦੇਸ਼ ਨੇ ਸੰਯੁਕਤ ਰਾਸ਼ਟਰ ਅਤੇ ਹੋਰ ਥਾਵਾਂ 'ਤੇ ਕਸ਼ਮੀਰ ਮੁੱਦੇ 'ਤੇ ਆਪਣੀ ਮੁਹਿੰਮ ਵਿੱਚ ਕੋਈ ਤਰੱਕੀ ਨਹੀਂ ਕੀਤੀ ਹੈ। ਬਿਲਾਵਲ ਭੁੱਟੋ ਨੇ ਅੱਗੇ ਕਿਹਾ, 'ਜਿੱਥੋਂ ਤੱਕ ਸੰਯੁਕਤ (ਬਾਕੀ 2 ਤੇ)

### ਲੁਧਿਆਣਾ ਪੱਛਮੀ ਜ਼ਿਮਨੀ ਚੋਣ ਲਈ ਕਾਂਗਰਸ ਪਾਰਟੀ ਵੱਲੋਂ 40 ਸਟਾਰ ਪ੍ਰਚਾਰਕਾਂ ਦੀ ਸੂਚੀ ਜਾਰੀ

**ਲੁਧਿਆਣਾ :** ਕੁੱਲ ਹਿੰਦ ਕਾਂਗਰਸ ਵੱਲੋਂ ਪੰਜਾਬ ਵਿਧਾਨ ਸਭਾ ਦੇ ਹਲਕਾ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਲਈ 40 ਮੈਂਬਰੀ ਸਟਾਰ ਪ੍ਰਚਾਰਕਾਂ ਦੀ ਸੂਚੀ ਜਾਰੀ ਕੀਤੀ ਹੈ। ਪਾਰਟੀ ਵੱਲੋਂ ਕੌਮੀ ਜਨਰਲ ਸਕੱਤਰ ਤੇ ਐਮਪੀ ਮੁਕੁਲ ਵਾਸਨਿਕ ਨੇ ਸਟਾਰ ਪ੍ਰਚਾਰਕਾਂ ਦੀ ਸੂਚੀ ਸੈਕਟਰੀ ਭਾਰਤੀ ਚੋਣ ਕਮਿਸ਼ਨ ਅਤੇ ਮੁੱਖ ਚੋਣ ਕਮਿਸ਼ਨਰ ਪੰਜਾਬ ਨੂੰ ਭੇਜੀ ਹੈ। ਸੂਚੀ ਵਿੱਚ ਪੰਜਾਬ ਮਾਮਲਿਆਂ ਦੇ ਇੰਚਾਰਜ ਤੇ ਸਾਬਕਾ ਮੁੱਖ ਮੰਤਰੀ ਭੁਪੇਸ਼ ਬਘੇਲ, ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ, ਸਾਬਕਾ ਉਪ ਮੁੱਖ ਮੰਤਰੀ ਰਾਜਸਥਾਨ ਸਚਿਨ ਪਾਇਲਟ, ਸਾਬਕਾ ਮੁੱਖ ਮੰਤਰੀ ਤੇ ਐਮਪੀ ਚਰਨਜੀਤ ਸਿੰਘ ਚੰਨੀ, ਹਿਮਾਚਲ (ਬਾਕੀ 2 ਤੇ)

### ਕੇਂਦਰ ਸਰਕਾਰ ਨੇ ਕੀਤਾ ਐਲਾਨ

## ਸੰਸਦ ਦਾ ਮਾਨਸੂਨ ਸੈਸ਼ਨ 21 ਜੁਲਾਈ ਤੋਂ ਹੋਵੇਗਾ ਸ਼ੁਰੂ

**ਨਵੀਂ ਦਿੱਲੀ।** ਕੇਂਦਰ ਸਰਕਾਰ ਨੇ ਸੰਸਦ ਦੇ ਮਾਨਸੂਨ ਸੈਸ਼ਨ ਦੀਆਂ ਤਰੀਕਾਂ ਦਾ ਐਲਾਨ ਕਰ ਦਿੱਤਾ ਹੈ। ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰੇਨ ਰਿਜਿਜੂ ਨੇ ਕਿਹਾ ਕਿ ਮਾਨਸੂਨ ਸੈਸ਼ਨ 21 ਜੁਲਾਈ 2025 ਤੋਂ ਸ਼ੁਰੂ ਹੋਵੇਗਾ ਅਤੇ 12 ਅਗਸਤ 2025 ਤੱਕ ਚੱਲੇਗਾ। ਇਸ ਸਮੇਂ ਦੌਰਾਨ ਦੋਵੇਂ ਸਦਨਾਂ - ਲੋਕ ਸਭਾ ਅਤੇ ਰਾਜ ਸਭਾ - ਦੀ ਕਾਰਵਾਈ (ਬਾਕੀ 2 ਤੇ)

DEPARTMENT OF PUNJABI
पंजाबी सीखें दिल्ली यूनिवर्सिटी नॉर्थ कैंपस, Arts Faculty Room No 102
PART TIME COURSE
Certificate and Diploma

ਪੰਜਾਬੀ ਵਿਭਾਗ ਕਮਰਾ ਨੰਬਰ 102 ਦਿੱਲੀ ਯੂਨੀਵਰਸਿਟੀ ਵਿੱਚ ਸਰਟੀਫਿਕੇਟ ਅਤੇ ਡਿਪਲੋਮਾ ਕੋਰਸ'
- ਕੋਰਸ ਦੀ ਮਿਆਦ ਇੱਕ ਸਾਲ ਹੈ।
- ਫੀਸ ਲਗਭਗ 2000 ਸਾਲਾਨਾ ਹ. ਉਮਰ 18+ ਹੋਣੀ ਚਾਹੀਦੀ ਹੈ
- ਦਾਖਲੇ ਲਈ ਫਾਰਮ ਡਾਊਨਲੋਡ ਕਰੋ http://punjabi.du.ac.in

Online Form- https://forms.gle/oLaEH8fgXuWafNV7

ਸਿਮਰਨਜੀਤ ਸਿੰਘ- 9999992809 (ਸਿਰਫ ਵਟਸਐਪ)

RELIGION DOESN'T MATTER ANYONE CAN JOIN

ਮੈ ਸਿਰਫ ਪੰਜਾਬੀ ਭਾਸ਼ਾ ਦਾ ਪ੍ਰਚਾਰ ਕਰ ਰਿਹਾ ਹਾਂ' ਹੋਰ ਪੁੱਛਗਿੱਛ ਲਈ ਪੰਜਾਬੀ ਵਿਭਾਗ ਵਿੱਚ ਜਾ ਸਕਦੇ ਹੋ।

If You Are Doing Any Regular Course Then Check With Your College / Institute As Well & Department Of Punjabi And If All Ok -continue With This Course

Certificate & Diploma Courses in Punjabi

NO AGE LIMIT AFTER 18

1. The fee of this course will be (Rs.2000/- per Year Approx) as per University norms.
2. Mode of teaching has been fixed offfline.
3. Age limit Should be 18+ for admission in CCP/DCP.
4. The duration of course is one year.
5. The syllabus is available on website i.e http//punjabi.du.ac in
6. The lectures will be delivered firstly in Hindi language, but after basic learning it will be in punjabi

Eligibility किसी भी उम्र में सीखे और पास करने पर ले मार्कशीट और डिग्री
1. Certificate Course: Senior Secondary (+2)
2. Diploma Course: Senior Secondary (+2) with Any Certificate of knowledge in Punjabi

Simranjit Singh : 9999992809(Whatsapp only)
I am just Promoting Punjabi Language, for further inquiry feel free to visit Department of Punjabi

पंजाबी विभाग कमरा नंबर 102 में सर्टिफिकेट और डिप्लोमा कोर्स करें दिल्ली विश्वविद्यालय नार्थ कैम्पस
★ कोर्स 1 साल का है, वार्षिक फीस लगभग रु. 2000 है
★ उम्र 18 वर्ष या उससे अधिक होनी चाहिए।
★ दाखिले के लिए लिंक पर जाएं https://punjabi.du.ac.in/

For more information visit website

LAST DATE 30th JUNE 2025

संपर्क करें : सिमरनजीत सिंह 9999992809 (सिर्फ व्हाट्स ऐप)
मैं केवल पंजाबी भाषा का प्रचार कर रहा हूं अधिक जानकारी के लिए पंजाबी विभाग जाएं

### ਫਾਜ਼ਿਲਕਾ 'ਚ ਪੁਲਿਸ ਕਰਮਚਾਰੀ ਦੀ ਮੌਤ

**ਫਾਜ਼ਿਲਕਾ** - ਫਾਜ਼ਿਲਕਾ 'ਚ ਸੀਆਈਏ ਸਟਾਫ਼ ਦੇ ਕਰਮਚਾਰੀ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ।



ਕਰਮਚਾਰੀ ਦੀ ਮੌਤ ਸਰਵਿਸ ਰਿਵਾਲਵਰ ਤੋਂ ਚੱਲੀ ਗੋਲੀ ਨਾਲ ਹੋਈ ਹੈ। ਮ੍ਰਿਤਕ ਦੇਹ ਨੂੰ ਪੋਸਮਾਰਟਮ ਦੇ ਲਈ ਸਰਕਾਰੀ ਹਸਪਤਾਲ 'ਚ ਭੇਜ ਦਿੱਤਾ ਗਿਆ। ਪੁਲਿਸ ਅਧਿਕਾਰੀ ਇਸ ਮਾਮਲੇ ਦੀ ਜਾਂਚ ਕਰ ਰਹੇ ਹਨ ਤੇ ਇਸ ਘਟਨਾ ਦੇ ਪਿੱਛੇ ਦੇ ਕਾਰਨ ਲੱਭ ਰਹੇ ਹਨ। ਮੌਕੇ 'ਤੇ ਪਹੁੰਚੇ ਫਾਜ਼ਿਲਕਾ ਦੇ ਡੀਐਸਪੀ ਲਵਦੀਪ ਸਿੰਘ ਗਿੱਲ ਤੇ ਐਸਐਚਓ ਲੇਖਰਾਜ ਨੇ ਦੱਸਿਆ ਕਿ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਫਾਜ਼ਿਲਕਾ ਦੇ ਸੀਆਈਏ ਸਟਾਫ਼ 'ਚ ਤੈਨਾਤ ਪੁਲਿਸ ਕਰਮਚਾਰੀ ਨੂੰ ਗੋਲੀ ਲੱਗੀ ਹੈ। ਘਟਨਾ ਤੋਂ ਬਾਅਦ ਉਸ ਨੂੰ ਇਲਾਜ਼ ਦੇ ਲਈ ਸਰਕਾਰੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ।

# ਅੰਮ੍ਰਿਤਸਰ 'ਚ ਪਿਓ ਵੱਲੋਂ ਧੀ ਤੇ ਉਸਦੇ ਪ੍ਰੇਮੀ ਦਾ ਕਤਲ

**ਅੰਮ੍ਰਿਤਸਰ** - ਅੰਮ੍ਰਿਤਸਰ 'ਚ ਇੱਕ ਵਿਅਕਤੀ ਨੇ ਆਪਣੀ ਧੀ ਅਤੇ ਉਸਦੇ ਪ੍ਰੇਮੀ 'ਤੇ ਤੇਜ਼ਧਾਰ ਹਥਿਆਰ ਨਾਲ ਕਤਲ ਕਰ ਦਿੱਤਾ। ਸ਼ੱਕ ਹੈ ਕਿ ਪਹਿਲਾਂ ਪ੍ਰੇਮੀਆਂ ਨੂੰ ਕਰੰਟ ਲਗਾਇਆ ਗਿਆ ਅਤੇ ਫਿਰ ਅੱਧਮਰਿਆ ਕਰਕੇ ਦੋਵਾਂ ਨੂੰ ਤੇਜ਼ਧਾਰ ਹਥਿਆਰ ਨਾਲ ਕੱਟ ਦਿੱਤਾ ਗਿਆ। ਦੋਹਰੇ ਕਤਲ ਤੋਂ ਬਾਅਦ ਲੜਕੀ ਦੇ ਪਿਤਾ ਨੇ ਖੁਦ ਪੁਲਿਸ ਸਟੇਸ਼ਨ ਜਾ ਕੇ ਆਤਮ ਸਮਰਪਣ ਕਰ ਦਿੱਤਾ। ਮ੍ਰਿਤਕਾਂ ਦੀ ਪਛਾਣ ਜੋਬਨਦੀਪ ਸਿੰਘ (24) ਅਤੇ ਸੁਖਪ੍ਰੀਤ ਕੌਰ ਵਜੋਂ ਹੋਈ ਹੈ।

ਜਾਣਕਾਰੀ ਅਨੁਸਾਰ ਅੰਮ੍ਰਿਤਸਰ ਦੇ ਪਿੰਡ ਬੋਪਾਰਾਏ ਬਾਜ ਸਿੰਘ ਦੀ ਰਹਿਣ ਵਾਲੀ ਲੜਕੀ ਸੁਖਪ੍ਰੀਤ ਕੌਰ ਦਾ ਪਿੰਡ ਕੱਕੜ ਦੇ ਰਹਿਣ ਵਾਲੇ ਜੋਬਨਦੀਪ ਸਿੰਘ (24) ਨਾਲ ਪ੍ਰੇਮ ਸਬੰਧ ਸਨ। ਦੋਵਾਂ ਦੇ ਘਰ ਨੇੜੇ ਹੀ ਹਨ। ਜੋਬਨਪ੍ਰੀਤ ਮਜ਼ਦੂਰੀ ਦਾ ਕੰਮ ਕਰਦਾ ਹੈ। ਆਰੋਪੀ ਪਿਤਾ ਨੇ ਕਿਹਾ ਹੈ ਕਿ ਉਸਨੇ ਆਪਣੀ ਇੱਜ਼ਤ ਖਾਤਿਰ ਦੋਵਾਂ ਦੀ ਹੱਤਿਆ ਕੀਤੀ ਹੈ। ਫਿਲਹਾਲ ਪੁਲਿਸ ਨੇ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਪੁਲਿਸ ਜਾਂਚ ਕਰ ਰਹੀ ਹੈ।



ਜੋਬਨਪ੍ਰੀਤ ਅਤੇ ਸੁਖਪ੍ਰੀਤ ਕੌਰ ਨੂੰ ਪਿਆਰ ਹੋ ਗਿਆ। ਦੋਵੇਂ ਐਤਵਾਰ ਨੂੰ ਘਰੋਂ ਭੱਜ ਗਏ ਸਨ। ਗੁਰਦਿਆਲ ਅਤੇ ਉਸਦਾ ਪਰਿਵਾਰ ਦੋਵਾਂ ਨੂੰ ਲੱਭ ਰਹੇ ਸਨ। ਸੋਮਵਾਰ ਨੂੰ ਦੋਵੇਂ ਵਿਆਹ ਕਰਵਾਉਣ ਲਈ ਅਦਾਲਤ ਗਏ ਸਨ। ਭੀੜ ਵਿੱਚ ਇੱਕ ਰਿਸ਼ਤੇਦਾਰ ਨੇ ਉਨ੍ਹਾਂ ਨੂੰ ਉੱਥੇ ਦੇਖਿਆ ਅਤੇ ਸੁਖਪ੍ਰੀਤ ਦੇ ਪਰਿਵਾਰ ਨੂੰ ਸੂਚਿਤ ਕੀਤਾ।

ਸੁਖਪ੍ਰੀਤ ਦੇ ਪਰਿਵਾਰਕ ਮੈਂਬਰਾਂ ਨੇ ਉਸ ਨੂੰ ਗੱਲਾਂ 'ਚ ਲੈ ਕੇ ਵਿਆਹ ਕਰਵਾਉਣ ਦੀ ਗੱਲ ਕਹੀ। ਸਹਿਮਤੀ ਤੋਂ ਬਾਅਦ ਦੋਵੇਂ ਘਰ ਵਾਪਸ ਆ ਗਏ। ਘਰ ਵਿੱਚ (ਬਾਕੀ 2 ਤੇ)

### ਰੂਪਨਗਰ-ਅਧਾਰਤ ਯੂਟਿਊਬ ਇਨਫਲੂਐਂਸਰ ਪਾਕਿਸਤਾਨ ਆਈਐਸਆਈ ਨੂੰ ਜਾਣਕਾਰੀ ਲੀਕ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ

**ਜਸਬੀਰ ਸਿੰਘ 3 ਦਿਨਾਂ ਦੇ ਪੁਲਿਸ ਰਿਮਾਂਡ 'ਤੇ**

**ਚੰਡੀਗੜ੍ਹ** - ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਦੇ ਮੱਦੇਨਜ਼ਰ ਚੱਲ ਰਹੀ ਮੁਹਿੰਮ ਦੌਰਾਨ ਰਾਸ਼ਟਰੀ ਸੁਰੱਖਿਆ ਨੂੰ ਵੱਡਾ ਖ਼ਤਰਾ ਪੈਦਾ ਕਰਨ ਵਾਲੇ ਜਾਸੂਸੀ ਨੈੱਟਵਰਕਾਂ ਵਿਰੁੱਧ ਮਹੱਤਵਪੂਰਨ ਸਫਲਤਾ ਦਰਜ ਕਰਦਿਆਂ ਪੰਜਾਬ ਪੁਲਿਸ ਦੇ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸਐਸਓਸੀ) ਐਸ.ਏ.ਐਸ. ਨਗਰ, ਨੇ ਪਾਕਿਸਤਾਨ ਦੀ ਇੰਟਰ-ਸਰਵਿਸਿਜ਼ ਇੰਟੈਲੀਜੈਂਸ (ਆਈਐਸਆਈ) ਲਈ ਜਾਸੂਸੀ ਕਰਨ ਦੇ ਦੋਸ਼ ਵਿੱਚ ਇੱਕ ਯੂਟਿਊਬ ਇਨਫਲੂਐਂਸਰ ਨੂੰ ਗ੍ਰਿਫ਼ਤਾਰ ਕੀਤਾ ਹੈ। ਜਸਬੀਰ ਸਿੰਘ ਨੂੰ 3 ਦਿਨਾਂ ਦੇ ਪੁਲਿਸ ਰਿਮਾਂਡ ਵਿੱਚ ਭੇਜਿਆ ਗਿਆ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਬੁੱਧਵਾਰ ਨੂੰ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਜਸਬੀਰ ਸਿੰਘ ਉਰਫ਼ ਜਾਨ ਮਾਹਲ (41) ਵਾਸੀ ਪਿੰਡ ਮਾਹਲਾਂ ਰੂਪਨਗਰ ਵਜੋਂ ਹੋਈ ਹੈ। ਉਕਤ ਦੋਸ਼ੀ 11 ਲੱਖ ਤੋਂ ਵੱਧ ਸਬਸਕ੍ਰਾਈਬਰਾਂ ਵਾਲਾ (ਬਾਕੀ 2 ਤੇ)



# ਜੇਲ੍ਹ ਵਿਭਾਗ ਦੇ ਪ੍ਰਮੁੱਖ ਸਕੱਤਰ ਤੇ ਏ.ਡੀ.ਜੀ.ਪੀ. ਜੇਲ੍ਹਾਂ ਵੱਲੋਂ ਕੇਂਦਰੀ ਜੇਲ੍ਹ ਦਾ ਨਿਰੀਖਣ

## ਕੇਂਦਰੀ ਜੇਲ੍ਹ ਦੇ ਅੰਦਰ ਗਸ਼ਤ ਕਰਨ ਲਈ ਈ-ਰਿਕਸ਼ਾ, ਈ ਬਾਈਕ ਤੇ ਮੋਟਰਸਾਈਕਲ ਵੀ ਸੌਂਪੇ

**ਪਟਿਆਲਾ - (ਅਮਨ ਸਿੱਧੂ ਮੱਲੇਵਾਲ)**

ਜੇਲ੍ਹ ਵਿਭਾਗ ਦੇ ਪ੍ਰਮੁੱਖ ਸਕੱਤਰ ਭਾਵਨਾ ਗਰਗ ਅਤੇ ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ (ਜੇਲ੍ਹਾਂ) ਅਰੁਣਪਾਲ ਸਿੰਘ ਨੇ ਅੱਜ ਕੇਂਦਰੀ ਜੇਲ੍ਹ ਪਟਿਆਲਾ ਦਾ ਨਿਰੀਖਣ ਕੀਤਾ। ਆਪਣੇ ਇਸ ਦੌਰੇ ਦੌਰਾਨ ਭਾਵਨਾ ਗਰਗ ਤੇ ਅਰੁਣਪਾਲ ਸਿੰਘ ਨੇ ਇਸ ਮੌਕੇ ਜੇਲ੍ਹ ਲਈ ਇੱਕ ਨਵੀਂ ਬੁਲੈਰੋ ਗੱਡੀ ਸਮੇਤ ਜੇਲ੍ਹ ਦੇ ਅੰਦਰ ਗਸ਼ਤ ਕਰਨ ਲਈ ਜੇਲ੍ਹ ਅਮਲੇ ਵਾਸਤੇ ਈ-ਰਿਕਸ਼ਾ, ਇੱਕ ਈ ਬਾਈਕ ਤੇ ਤਿੰਨ ਮੋਟਰਸਾਇਕਲ ਅਤੇ ਬੰਦੀਆਂ ਨੂੰ ਐਮਰਜੈਂਸੀ ਵਿੱਚ ਹਸਪਤਾਲ ਲਿਜਾਣ ਲਈ ਇੱਕ ਐਂਬੂਲੈਂਸ ਵੀ ਕੇਂਦਰੀ ਜੇਲ੍ਹ ਦੇ ਸੁਪਰਡੈਂਟ ਵਰੁਣ ਸ਼ਰਮਾ ਨੂੰ ਸਪੁਰਦ ਕੀਤੀ।



ਇਸ ਦੌਰਾਨ ਭਾਵਨਾ ਗਰਗ ਅਤੇ ਅਰੁਣਪਾਲ ਸਿੰਘ ਨੇ ਆਖਿਆ ਕਿ ਜੇਲ੍ਹਾਂ ਨੂੰ ਅਸਲ ਵਿੱਚ ਸੁਧਾਰ ਘਰ ਬਣਾਉਣ ਲਈ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਅਤੇ ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਦੇਖਰੇਖ ਹੇਠ ਜੇਲ੍ਹਾਂ ਦੇ ਨਵੀਨੀਕਰਨ ਤੇ ਸੁਧਾਰ ਹਿਤ ਵਿਆਪਕ ਯੋਜਨਾ ਉਲੀਕੀ ਗਈ ਹੈ। ਦੋਵਾਂ ਅਧਿਕਾਰੀਆਂ ਨੇ ਜੇਲ੍ਹ ਅੰਦਰ ਬੁਨਿਆਦੀ ਢਾਂਚੇ, ਸੁਰੱਖਿਆ ਅਤੇ ਸਮੁੱਚੇ ਕੈਦੀਆਂ ਦੀ ਭਲਾਈ ਵਿੱਚ ਨਿਰੰਤਰ ਸੁਧਾਰ ਨੂੰ ਯਕੀਨੀ ਬਣਾਉਣ ਲਈ ਜੇਲ੍ਹ ਅਧਿਕਾਰੀਆਂ ਨੂੰ ਜ਼ਰੂਰੀ ਨਿਰਦੇਸ਼ ਵੀ ਜਾਰੀ ਕੀਤੇ।

ਪ੍ਰਮੁੱਖ ਸਕੱਤਰ ਭਾਵਨਾ ਗਰਗ ਤੇ ਏ.ਡੀ.ਜੀ.ਪੀ ਅਰੁਣਪਾਲ ਸਿੰਘ ਨੇ ਇਸ ਮੌਕੇ ਬੰਦੀਆਂ ਦੀਆਂ ਮੁਸ਼ਕਿਲਾਂ ਸੁਣੀਆਂ ਅਤੇ ਮੌਕੇ 'ਤੇ ਸ਼ਿਕਾਇਤਾਂ ਦਾ ਨਿਪਟਾਰਾ ਕਰਦਿਆਂ ਉਨ੍ਹਾਂ ਨੂੰ ਸਕਾਰਾਤਮਕ ਤਬਦੀਲੀ ਅਤੇ ਪੁਨਰਵਾਸ ਵੱਲ ਪ੍ਰੇਰਿਤ ਕੀਤਾ।ਉਨ੍ਹਾਂ ਨੇ ਕੈਦੀਆਂ ਲਈ ਕਾਨੂੰਨੀ ਸਹਾਇਤਾ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਨਵੇਂ ਬਣੇ ਕਾਨੂੰਨੀ ਸਹਾਇਤਾ ਦਫ਼ਤਰ ਦਾ ਉਦਘਾਟਨ ਕੀਤਾ।

ਇਸ ਮਗਰੋਂ ਪ੍ਰਮੁੱਖ ਸਕੱਤਰ ਤੇ ਏ.ਡੀ.ਜੀ.ਪੀ ਨੇ ਨਵੇਂ ਬਣੇ ਵੀਡੀਓ ਕਾਨਫਰੰਸਿੰਗ ਰੂਮਜ, ਨਵੀਨੀਕਰਨ ਕੀਤੇ ਗਏ ਕੰਟਰੋਲ ਰੂਮ ਮਹਿਲਾ ਵਾਰਡ, ਨਸ਼ਾ ਛੁਡਾਊ ਵਾਰਡ, ਫੈਕਟਰੀ ਅਤੇ ਜੇਲ੍ਹ ਹਸਪਤਾਲ, ਹੁਨਰ ਵਿਕਾਸ ਕੇਂਦਰ, ਰੇਡੀਓ ਉਜਾਲਾ ਅਤੇ ਨਵੇਂ ਲਗਾਏ ਪੈਟਰੋਲ ਪੰਪ ਦਾ ਨਿਰੀਖਣ ਕੀਤਾ। ਉਨ੍ਹਾਂ ਨੇ ਹਾਲ ਹੀ ਵਿੱਚ ਸਿਖਲਾਈ ਪ੍ਰਾਪਤ ਕੈਦੀਆਂ ਨੂੰ ਵੱਖ-ਵੱਖ ਜੀਵਨ ਹੁਨਰਾਂ ਦੇ ਸਰਟੀਫਿਕੇਟ ਵੀ ਵੰਡੇ। ਕੈਦੀਆਂ ਨੇ ਕੈਦੀਆਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕਰਦਿਆਂ ਆਪਣੀ ਪ੍ਰਤਿਭਾ ਤੇ ਸੁਧਾਰ ਦੇ ਯਤਨਾਂ ਦਾ ਪ੍ਰਦਰਸ਼ਨ ਕੀਤਾ। ਦੋਵਾਂ ਅਧਿਕਾਰੀਆਂ ਨੇ ਜੇਲ੍ਹ ਅੰਦਰ ਵਾਤਾਵਰਣ ਸਥਿਰਤਾ ਨੂੰ ਉਤਸ਼ਾਹਿਤ ਕਰਨ ਲਈ ਇੱਕ ਬੂਟੇ ਲਗਾਉਣ ਦੀ ਮੁਹਿੰਮ ਦਾ ਵੀ ਉਦਘਾਟਨ ਕੀਤਾ।

ਇਸ ਮੌਕੇ ਜੇਲ੍ਹ ਸੁਪਰਡੈਂਟ ਵਰੁਣ ਸ਼ਰਮਾ, ਵਧੀਕ ਸੁਪਰਡੈਂਟ ਅਰਪਨਜੋਤ ਸਿੰਘ, ਡਿਪਟੀ ਸੁਪਰਡੈਂਟ (ਫੈਕਟਰੀ) ਜੈਦੀਪ ਸਿੰਘ, ਡਿਪਟੀ ਸੁਪਰਡੈਂਟ (ਸੁਰੱਖਿਆ) ਗੁਰਜੀਤ ਸਿੰਘ, ਮਨੋਵਿਗਿਆਨੀ ਡਾ. ਅਦਿਤੀ, ਮੈਡੀਕਲ ਅਫ਼ਸਰ ਡਾ. ਜਸਪ੍ਰੀਤ ਸਿੰਘ, ਡਾ. ਅਭਿਸ਼ੇਕ ਤੇ ਡਾ. ਮਨਿੰਦਰ ਸਿੰਘ ਵੀ ਮੌਜੂਦ ਸਨ।

# ਸ਼ਾਇਰੀ ਵਿੱਚ ਪ੍ਰਸਿੱਧ ਹੋਣਾ ਅਤੇ ਉੱਤਮ ਹੋਣਾ ਵੱਖਰੀਆਂ ਵੱਖਰੀਆਂ ਗੱਲਾਂ- ਜਸਵੰਤ ਸਿੰਘ ਜ਼ਫ਼ਰ

## ਭਾਸ਼ਾ ਵਿਭਾਗ ਪੰਜਾਬ ਨੇ ਕਰਵਾਇਆ ਸ਼ਾਇਰ ਗੁਰਦੇਵ ਚੌਹਾਨ ਨੂੰ ਸਾਹਿਤ ਪ੍ਰੇਮੀਆਂ ਦੇ ਰੂਬਰੂ

**ਪਟਿਆਲਾ - (ਅਮਨ ਸਿੱਧੂ ਮੱਲੇਵਾਲ)**

ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਬੁੱਧ ਸ਼ਾਇਰ ਗੁਰ ਚੌਹਾਨ ਨੂੰ ਸਾਹਿਤ ਪ੍ਰੇਮੀਆਂ ਦੇ ਰੂਬਰੂ ਕਰਵਾਇਆ ਗਿਆ। 'ਕਵਿਤਾ ਸੰਗਤ' ਬੈਨਰ ਹੇਠ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ 'ਚ ਕਰਵਾਏ ਗਏ ਇਸ ਸਮਾਗਮ ਦੌਰਾਨ ਕਵੀ ਗੁਰਪ੍ਰੀਤ ਮਾਨਸਾ ਨੇ ਸ੍ਰੀ ਗੁਰਦੇਵ ਚੌਹਾਨ ਨਾਲ ਸੰਵਾਦ ਰਚਾਇਆ। ਸਮਾਗਮ ਦੀ ਪ੍ਰਧਾਨਗੀ ਉੱਘੇ ਵਿਦਵਾਨ ਡਾ. ਜਸਵਿੰਦਰ ਸਿੰਘ ਨੇ ਕੀਤੀ। ਅੱਧੀ ਦਰਜ਼ਨ ਦੇ ਕਰੀਬ ਸਰੋਤਿਆਂ ਨੇ ਵੀ ਸ੍ਰ. ਚੌਹਾਨ ਨੂੰ ਸੁਆਲ ਕਰਕੇ, ਸਮਾਗਮ ਦੇ ਮਿਆਰ 'ਚ ਵਾਧਾ ਕੀਤਾ।



ਸਵਾਗਤੀ ਭਾਸ਼ਨ 'ਚ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਨੇ ਕਿਹਾ ਕਿ ਗੁਰਦੇਵ ਚੌਹਾਨ ਵੱਡਾ ਕਵੀ ਹੈ ਪਰ ਪ੍ਰਸਿੱਧ ਘੱਟ ਹੈ। ਵਧੀਆ ਸ਼ਾਇਰ ਦਾ ਮਸ਼ਹੂਰ ਸ਼ਾਇਰ ਹੋਣਾ ਲਾਜ਼ਮੀ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਗੁਰਦੇਵ ਚੌਹਾਨ ਬੜੀ ਸਹਿਜ ਤੇ ਸੌਖੀ ਕਵਿਤਾ ਕਹਿੰਦੇ ਹਨ ਅਤੇ ਆਪਣੀ ਕਵਿਤਾ ਰਾਹੀਂ ਬੜੀ ਜਲਦੀ ਪਾਠਕ ਨੂੰ ਆਪਣੇ ਆਸ ਪਾਸ ਫੈਲੀ ਕਵਿਤਾ ਦਿਸਣ ਲਾ ਦਿੰਦੇ ਹਨ। ਸ੍ਰੀ ਗੁਰਦੇਵ ਚੌਹਾਨ ਨੇ ਦੱਸਿਆ ਕਿ ਉਹ ਤੀਸਰੀ-ਚੌਥੀ ਜਮਾਤ 'ਚ ਹੀ ਕਿੱਸਾ ਕਾਵਿ ਪੜ੍ਹਨ ਲੱਗ ਗਏ ਸਨ ਅਤੇ ਦਸਵੀਂ ਜਮਾਤ ਤੱਕ ਪੁੱਜਦਿਆਂ ਉਹ ਕਵਿਤਾ ਲਿਖਣ ਲੱਗ ਗਏ ਸਨ। ਉਨ੍ਹਾਂ ਗ੍ਰੈਜੂਏਸ਼ਨ ਕਰਦਿਆਂ ਪਹਿਲੀ ਕਾਵਿ ਪੁਸਤਕ ਲਿਖ ਦਿੱਤੀ ਸੀ। ਉਨ੍ਹਾਂ ਕਿਹਾ ਕਿ ਬਦਲਦੀਆਂ ਪ੍ਰਸਥਿਤੀਆਂ ਉਨ੍ਹਾਂ ਦੀ ਕਵਿਤਾ ਨੂੰ ਨਵੇਂ ਵਿਸ਼ੇ ਪ੍ਰਦਾਨ ਕਰਦੀਆਂ ਹਨ ਜਿਸ ਕਾਰਨ ਉਨ੍ਹਾਂ ਦੀ ਕਵਿਤਾ 'ਚ ਨਵੀਨਤਾ ਬਣੀ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਕਵਿਤਾ ਕਵੀ ਤੋਂ ਅੰਦਰ-ਬਾਹਰ ਦਾ ਸਹਿਜ ਮੰਗਦੀ ਹੈ। ਉਨ੍ਹਾਂ ਕਿਹਾ ਕਿ ਉਸ ਨੂੰ ਕੁਝ ਸ਼ਬਦ ਬਹੁਤ ਚੰਗੇ ਲੱਗਦੇ ਹਨ ਜੋ ਵਾਰ-ਵਾਰ ਉਨ੍ਹਾਂ ਦੀ ਕਵਿਤਾ 'ਚ ਆਉਂਦੇ ਹਨ। ਇਸ ਮੌਕੇ ਡਾ. ਸੰਤੋਖ ਸੁੱਖੀ, ਤੁਸ਼ਾਰ, ਗੁਰਮੁਖ ਸਿੰਘ ਜਾਗੀ, ਬਲਵਿੰਦਰ ਸਿੰਘ ਭੱਟੀ ਆਦਿ ਨੇ ਵੀ ਸ. ਚੌਹਾਨ ਨੂੰ ਸੁਆਲ ਕੀਤੇ।

ਆਪਣੇ ਪ੍ਰਧਾਨਗੀ ਭਾਸ਼ਨ 'ਚ ਡਾ. ਜਸਵਿੰਦਰ ਸਿੰਘ ਨੇ ਭਾਸ਼ਾ ਵਿਭਾਗ ਵੱਲੋਂ ਕੀਤੀਆਂ ਜਾਂਦੀਆਂ ਸਾਹਿਤਕ ਸਰਗਰਮੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਇਹ ਇੱਕ ਵਿਲੱਖਣ ਤੇ ਸਮਰੱਥਾਵਾਨ ਸੰਸਥਾ ਹੈ। ਇਸ ਕਰਕੇ ਇਸ ਨੂੰ ਅਜਿਹੇ ਮਿਆਰੀ ਸਮਾਗਮ ਰਚਾਉਣ ਦਾ ਸਿਲਸਿਲਾ ਨਿਰੰਤਰ ਜਾਰੀ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿ ਸਮੇਂ ਦੇ ਨਾਲ-ਨਾਲ ਬਦਲਦੀ ਕਵਿਤਾ ਹੀ ਵਕਤ ਦੀ ਅਵਾਜ਼ ਬਣਦੀ ਹੈ। ਇੱਕ ਸਮੇਂ ਕਈ ਧਰਾਵਾਂ 'ਚ ਕਵਿਤਾ ਰਚੀ ਜਾਂਦੀ ਹੈ ਅਤੇ ਹਰ ਤਰ੍ਹਾਂ ਦੀ ਕਵਿਤਾ ਨੂੰ ਚਾਹੁੰਣ ਵਾਲੇ ਪਾਠਕਾਂ/ਸਰੋਤਿਆਂ ਦੇ ਵਰਗ ਵੱਖਰੇ-ਵੱਖਰੇ ਹੁੰਦੇ ਹਨ। ਸੰਵਾਦ ਕਰਤਾ ਗੁਰਪ੍ਰੀਤ ਮਾਨਸਾ ਨੇ ਕੁਝ ਕਾਵਿ ਵੰਨਗੀਆਂ ਵੀ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਸਮਾਗਮ ਦੇ ਆਰੰਭ ਵਿੱਚ ਭਾਸ਼ਾ ਵਿਭਾਗ ਦੀ ਸੰਯੁਕਤ ਨਿਰਦੇਸ਼ਕਾ ਹਰਪ੍ਰੀਤ ਕੌਰ ਸ. ਗੁਰਦੇਵ ਚੌਹਾਨ ਦਾ ਪੌਦਾ ਭੇਟ ਕਰਕੇ ਸਵਾਗਤ ਕੀਤਾ ਅਤੇ ਅਖੀਰ ਵਿੱਚ ਵਿਭਾਗ ਵੱਲੋਂ ਸ. ਚੌਹਾਨ ਨੂੰ ਸ਼ਾਲ ਅਤੇ ਪੁਸਤਕਾਂ ਦਾ ਸੈੱਟ ਭੇਟ ਕਰਕੇ ਸਤਿਕਾਰ ਦਿੱਤਾ ਗਿਆ। ਮੰਚ ਸੰਚਾਲਨ ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਕੀਤਾ। ਇਸ ਮੌਕੇ ਵਿਭਾਗ ਦੀ ਡਿਪਟੀ ਡਾਇਰੈਕਟਰ ਹਰਭਜਨ ਕੌਰ ਅਤੇ ਚੰਦਨਦੀਪ ਕੌਰ, ਸਹਾਇਕ ਨਿਰਦੇਸ਼ਕ ਅਮਰਿੰਦਰ ਸਿੰਘ ਤੇ ਜਸਪ੍ਰੀਤ ਕੌਰ ਤੋਂ ਇਲਾਵਾ ਪ੍ਰੋ ਡਾ. ਸੁਰਜੀਤ ਸਿੰਘ, ਸ਼ਾਇਰ ਬਲਵਿੰਦਰ ਸੰਧੂ, ਜਗਦੀਪ ਸਿੱਧੂ, ਸੰਤ ਸਿੰਘ ਸੋਹਲ, ਨਵਦੀਪ ਮੁੰਡੀ, ਅਵਤਾਰਜੀਤ, ਹਰਪ੍ਰੀਤ ਸੰਧੂ ਤੇ ਹੋਰ ਸ਼ਖਸ਼ੀਅਤਾਂ ਹਾਜ਼ਰ ਸਨ।

# ਵਿਧਾਇਕ ਕੁਲਵੰਤ ਸਿੰਘ ਵੱਲੋਂ ਮੋਹਾਲੀ ਦੇ ਪਿੰਡਾਂ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਲੋਕਾਂ ਨੂੰ ਨਸ਼ਿਆਂ ਤੋ ਦੂਰ ਰਹਿਣ ਲਈ ਸਹੁੰ ਚੁਕਾਈ


**ਮੋਹਾਲੀ - ( ਅਸ਼ੋਕ ਜੋਸ਼ੀ )-**

ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪੰਜਾਬ ਵਿੱਚੋਂ ਨਸ਼ਿਆਂ ਨੂੰ ਪੂਰਨ ਤੌਰ ਤੇ ਖ਼ਤਮ ਕਰਨ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਦੇ ਤਹਿਤ ਮੋਹਾਲੀ ਦੇ ਵਿਧਾਇਕ ਸ. ਕੁਲਵੰਤ ਸਿੰਘ ਵੱਲੋਂ ਆਪਣੇ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਨਸ਼ਿਆਂ ਵਿਰੁੱਧ ਰੈਲੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਲੋਕਾਂ ਨੂੰ ਨਸ਼ਿਆਂ ਤੋ ਦੂਰ ਰਹਿਣ ਲਈ ਸੌਂਹ ਚੁਕਾਈ ਜਾ ਰਹੀ ਹੈ। ਇਸ ਮੁਹਿੰਮ ਦੇ ਤਹਿਤ ਅੱਜ ਮਿਤੀ 04 ਜੂਨ 2025 ਨੂੰ ਪਿੰਡ ਸਿਆਊ, ਕੁਰੜੀ, ਕੁਰੜਾ, ਸ਼ੇਖਨ ਮਾਜਰਾ ਵਿਖੇ ਕੀਤੇ ਗਏ ਸਮਾਗਮ ਵਿੱਚ ਸ਼ਮੂਲੀਅਤ ਕਰਕੇ ਲੋਕਾਂ ਨੂੰ ਨਸ਼ਿਆਂ ਦੇ ਕੋਹੜ ਤੋਂ ਦੂਰ ਰਹਿਣ ਅਤੇ ਪੰਜਾਬ ਵਿੱਚੋਂ ਨਸ਼ਿਆਂ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਲਈ ਸਹਿਯੋਗ ਮੰਗਿਆ ਗਿਆ। ਇਸ ਮੌਕੇ ਬੋਲਦੇ ਹੋਏ ਹਲਕਾ ਵਿਧਾਇਕ ਨੇ ਕਿਹਾ ਕਿ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਅਤੇ ਖ਼ਾਸ ਕਰਕੇ ਨੌਜਵਾਨ ਅਤੇ ਮਹਿਲਾਵਾ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਵਿੱਚ ਅੱਗੇ ਹੋ ਕੇ ਮਹੱਤਵਪੂਰਣ ਭੂਮਿਕਾ ਨਿਭਾਈ ਜਾ ਰਹੀ ਹੈ ਅਤੇ ਇਸ ਮੁਹਿੰਮ ਦੇ ਸਾਰਥਕ ਨਤੀਜੇ ਵੀ ਸਾਹਮਣੇ ਆ ਰਹੇ ਹਨ। ਕਿਉਂਕਿ ਨਸ਼ਿਆਂ ਨੇ ਪੰਜਾਬ ਦੀ ਜਵਾਨੀ ਨੂੰ ਗੁੰਮਰਾਹ ਕਰ ਰੱਖਿਆ ਸੀ ਅਤੇ ਨੌਜਵਾਨ ਨਸ਼ਿਆਂ ਦੀ ਦਲਦਲ ਵਿੱਚ ਫਸ ਕੇ ਨਾ ਸਿਰਫ਼ ਆਪਣਾ ਭਵਿੱਖ ਖ਼ਰਾਬ ਕਰ ਰਹੇ ਸਨ ਬਲਕਿ ਆਪਣੀ ਜਵਾਨੀ ਵੀ ਗਵਾ ਰਹੇ ਸਨ। ਉਨ੍ਹਾਂ ਵੱਲੋਂ ਇਹ ਵੀ ਦੱਸਿਆ ਗਿਆ ਕਿ ਨਸ਼ਿਆਂ ਵਿੱਚ ਫ਼ਸ ਚੁੱਕੇ ਲੋਕਾਂ ਨੂੰ ਨਸ਼ਿਆਂ ਵਿੱਚੋਂ ਕੱਢ ਕੇ ਉਨ੍ਹਾਂ ਦਾ ਇਲਾਜ ਕਰਨ ਅਤੇ ਉਨ੍ਹਾਂ ਦੇ ਮੁੜ ਵਸੇਬੇ ਲਈ ਸੈਂਟਰ ਖ਼ੋਲੇ ਗਏ ਹਨ, ਜਿੱਥੇ ਉਨ੍ਹਾਂ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਰੋਜ਼ਗਾਰ ਦੇ ਕਾਬਲ ਬਣਾਉਣ ਲਈ ਟ ?ਰੇਨਿੰਗ ਵੀ ਦਿੱਤੀ ਜਾਂਦੀ ਹੈ। ਉਨ੍ਹਾਂ ਆਸ ਜਾਹਰ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੁਆਰਾ ਪੰਜਾਬ ਇੱਕ ਤੰਦਰੁਸਤ ਪੰਜਾਬ ਅਤੇ ਮੁੜ ਤੋਂ ਰੰਗਲਾ ਪੰਜਾਬ ਬਣ ਜਾਵੇਗਾ ਕਿਉਂਕਿ ਪਿਛਲੀਆਂ ਸਰਕਾਰਾਂ ਵੱਲੋਂ ਪੰਜਾਬ ਵਿੱਚੋਂ ਨਸ਼ਿਆਂ ਨੂੰ ਖ਼ਤਮ ਕਰਨ ਲਈ ਕੋਈ ਠੋਸ ਕਦਮ ਨਾ ਚੁੱਕੇ ਜਾਣ ਕਾਰਨ ਪੰਜਾਬ ਕਾਲੇ ਦੌਰ ਵਿੱਚ ਚਲਾ ਗਿਆ ਸੀ। ਇਸ ਮੌਕੇ ਤੇ ਰਾਜਨਦੀਪ ਪਤਨੀ ਰਜਿੰਦਰ ਸਿੰਘ, ਸਰਪੰਚ ਪਿੰਡ ਸਿਆਊ, ਨਾਹਰ ਸਿੰਘ ਸਰਪੰਚ ਪਿੰਡ ਕੁਰੜੀ, ਨਿਰਮਲ ਸਿੰਘ ਕੁਰੜੀ, ਛੱਜਾ ਸਿੰਘ ਸਾਬਕਾ ਸਰਪੰਚ ਕੁਰੜੀ, ਮੁਖਤਿਆਰ ਸਿੰਘ ਸਰਪੰਚ ਕੁਰੜਾ, ਗੁਰਪ੍ਰੀਤ ਸਿੰਘ ਹਲਕਾ ਕੁਆਰਡੀਨੇਟਰ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ, ਗਗਨਜੋਤ ਕੌਰ ਪਤਨੀ ਸਤਨਾਮ ਸਿੰਘ ਸਰਪੰਚ ਪਿੰਡ ਸ਼ੇਖਣ ਮਾਜਰਾ, ਜਗਤਾਰ ਸਿੰਘ, ਅਵਤਾਰ ਸਿੰਘ ਮੌਲੀ, ਆਰ.ਪੀ.ਸ਼ਰਮਾ, ਕੁਲਦੀਪ ਸਿੰਘ ਸਮਾਣਾ, ਡਾ. ਕੁਲਦੀਪ ਸਿੰਘ, ਜਸਪਾਲ ਸਿੰਘ ਮਟੌਰ, ਅਰੁਣ ਗੋਇਲ, ਹਰਬਿੰਦਰ ਸਿੰਘ ਸੈਣੀ ਬਲਾਕ ਪ੍ਰਧਾਨ, ਗੁਰਪ੍ਰੀਤ ਸਿੰਘ ਚਾਹਲ, ਵਿਕਰਮ ਸਿੰਘ, ਤਰਲੋਚਨ ਮਟੌਰ, ਅਕਬਿੰਦਰ ਸਿੰਘ ਗੋਸਲ, ਜਗਜੀਤ ਸਿੰਘ ਸਰਪੰਚ ਪਿੰਡ ਤੰਗੌਰੀ, ਗੁਰਜੰਟ ਸਿੰਘ ਪੱਤੋਂ ਅਤੇ ਇਨ੍ਹਾਂ ਪਿੰਡਾਂ ਦੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਅਤੇ ਨੇੜੇ ਤੇੜੇ ਦੇ ਪਿੰਡਾਂ ਦੇ ਲੋਕ ਸ਼ਾਮਲ ਸਨ।




# ਸੁਲਤਾਨਪੁਰ ਲੋਧੀ ਵਿੱਚ ਬਣਾਈ ਜਾਵੇ ਦੇਸ਼ ਦੀ ਪਹਿਲੀ 'ਗੁਰੂ ਨਾਨਕ ਦੇਵ ਵਾਤਾਵਰਨ ਯੂਨੀਵਰਸਿਟੀ'-ਸੰਤ ਸੀਚੇਵਾਲ

**ਜਲੰਧਰ (ਬਾਠ)** ਵਿਸ਼ਵ ਵਾਤਾਵਰਨ ਦਿਵਸ ਦੀ ਪੂਰਬ ਸੰਧਿਆ ਤੇ ਰਾਜ ਸਭਾ ਮੈਂਬਰ ਤੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਸੁਲਤਾਨਪੁਰ ਲੋਧੀ ਵਿੱਚ ਦੇਸ਼ ਦੀ ਪਹਿਲ਼ੀ "ਗੁਰੁ ਨਾਨਕ ਦੇਵ ਵਾਤਾਵਰਨ" ਯੂਨੀਵਰਸਿਟੀ ਬਣਾਈ ਜਾਵੇ। ਉਨ੍ਹਾਂ ਇੱਥੋਂ ਜਾਰੀ ਕੀਤੇ ਪ੍ਰੈਸ ਬਿਆਨ ਵਿੱਚ ਕਿਹਾ ਕਿ ਵਾਤਾਵਰਨ ਦੇ ਪੱਖ ਤੋਂ ਪੰਜਾਬ ਬੜੀ ਨਾਜ਼ੁਕ ਸਥਿਤੀ ਵਿੱਚੋਂ ਲੰਘ ਰਿਹਾ ਹੈ। ਇੱਥੇ ਧਰਤੀ ਹੇਠਲਾ ਪਾਣੀ ਹੱਦ ਵੱਧ ਡੂੰਘਾ ਹੋ ਚੁੱਕਾ ਹੈ। ਦੇਸ਼ ਦੇ ਸਾਰੇ ਸੂਬਿਆਂ ਨਾਲੋਂ ਛੋਟੇ ਜਿਹੇ ਪੰਜਾਬ ਵਿੱਚ ਸਭ ਤੋਂ ਵੱਧ ਰਸਾਇਣਕ ਖਾਂਦਾਂ ਵਰਤੀਆਂ ਜਾ ਰਹੀਆਂ ਹਨ। ਸਾਡੀ ਫੂਡ ਚੇਨ ਵਿੱਚ ਵੀ ਜ਼ਹਿਰੀਲੇ ਤੱਤ ਆ ਚੁੱਕੇ ਹਨ। ਇੰਨ੍ਹਾਂ ਸਾਰੀਆਂ ਚਣੌਤੀਆਂ ਲਈ ਨਵੀਆਂ ਖੋਜਾਂ ਅਤੇ ਉਨ੍ਹਾਂ ਦੇ ਹੱਲ ਲੱਭਣ ਲਈ ਵੱਡੀਆਂ ਖੋਜ ਸੰਸਥਾਵਾਂ ਸਥਾਪਿਤ ਕਰਨ ਦੀ ਸਖਤ ਲੋੜ ਹੈ। ਅਜਿਹੇ ਵੱਡੇ ਕਾਰਜ ਯੂਨੀਵਰਸਿਟੀ ਵਰਗੇ ਅਦਾਰਿਆਂ ਵਿੱਚ ਹੀ ਕੀਤੇ ਜਾ ਸਕਦੇ ਹਨ। ਸੰਤ ਸੀਚੇਵਾਲ ਨੇ ਕਿਹਾ ਕਿ ਸੁਲਤਾਨਪੁਰ ਲੋਧੀ ਵਿੱਚ ਇਸ ਕਰਕੇ ਵਾਤਾਵਰਨ ਯੂਨੀਵਰਸਿਟੀ ਬਣਾਏ ਜਾਣ ਦੀ ਲੋੜ ਹੈ ਕਿਉਂਕਿ ਜਿਸ ਵਾਤਾਵਰਨ ਨੂੰ ਅਸੀਂ ਬਚਾਉਣ ਲਈ ਸੰਸਾਰ ਪੱਧਰ 'ਤੇ ਇਹ ਦਿਨ 1973 ਤੋਂ ਮਨਾਉਣਾ ਸ਼ੁਰੂ ਕੀਤਾ ਸੀ। ਉਸ ਵਾਤਾਵਰਨ ਨੂੰ ਸਾਫ ਸੁਥਰਾ ਰੱਖਣ ਅਤੇ ਹਵਾ, ਪਾਣੀ ਤੇ ਧਰਤੀ ਦਾ ਸਤਿਕਾਰ ਕਰਨ ਦਾ ਸਭ ਤੋਂ ਵੱਡਾ ਤੇ ਸਭ ਤੋਂ ਪਹਿਲਾਂ ਸੁਨੇਹਾ ਬਾਬੇ ਨਾਨਕ ਜੀ ਨੇ ਇਸੇ ਧਰਤੀ ਤੋਂ ਦਿੱਤਾ ਸੀ। ਯੂਨੀਵਰਸਿਟੀ ਬਣਨ ਨਾਲ ਇਸ ਖਿਤੇ ਦਾ ਬਹੁਪੱਖੀ ਵਿਕਾਸ ਵੀ ਹੋਣ ਲੱਗ ਪਵੇਗਾ। ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਬਾਬੇ ਨਾਨਕ ਦੀ ਚਰਨਛੋਹ ਪ੍ਰਾਪਤ ਪਵਿੱਤਰ ਨਦੀਂ ਵੀ ਸੁਲਤਾਨਪੁਰ ਲੋਧੀ ਵਿੱਚੋਂ ਦੀ ਹੋ ਕੇ ਲੰਘਦੀ ਹੈ। 165 ਕਿਲੋਮੀਟਰ ਲੰਬੀ ਨਦੀਂ ਦੇਸ਼ ਦੀ ਅਜਿਹੀ ਪਹਿਲੀ ਨਦੀਂ ਹੈ ਜਿਹੜੀ ਪਲੀਤ ਹੋਣ ਤੋਂ ਬਾਅਦ ਮੁੜ ਨਿਰਮਲਧਾਰ ਦੇ ਰੂਪ ਵਿੱਚ ਵੱਗਣ ਲੱਗੀ ਹੈ। ਇਸ ਨਦੀਂ ਉਪਰ ਕਈ ਪੀਐਚਡੀਜ਼ ਹੋ ਚੁੱਕੀਆਂ ਹਨ। ਇਸ ਖਿਤੇ ਵਿੱਚ ਆਉਣ ਵਾਲੇ ਸਮੇਂ ਵਿੱਚ ਦੁਨੀਆਂ ਦੇ ਦੂਜੇ ਮੁਲਕਾਂ ਵਿੱਚੋਂ ਵੀ ਲੋਕ ਆਇਆ ਕਰਨਗੇ। ਇਸ ਲਈ ਇੱਥੇ ਵਿਸ਼ਵ ਪੱਧਰੀ ਤੇ ਮਿਆਰੀ ਅਧਿਐਨ ਕੇਂਦਰ ਯੂਨੀਵਰਸਿਟੀ ਦੇ ਰੂਪ ਵਿੱਚ ਹੋਣਾ ਚਾਹੀਦਾ ਹੈ।



# ਪੇਜ਼ ਇੱਕ ਦਾ ਬਾਕੀ

95 ਫੀਸਦੀ ...

ਵਾਸਤੇ ਪਹਿਲੀ ਤੇ ਦੂਜੀ ਉਲੰਘਣਾ ਤੇ ਇਸ ਤੋਂ ਬਾਅਦ ਦੀ ਉਲੰਘਣਾ ਵਿਚਾਲੇ ਸੁਧਾਰ ਲਈ ਤਿੰਨ ਮਹੀਨਿਆਂ ਦਾ ਸਮਾਂ ਦਿੱਤਾ ਜਾਵੇਗਾ। ਉਲੰਘਣਾ ਦੀ ਕੰਪਾਊਂਡਿੰਗ ਲਈ ਪ੍ਰਵਾਨਗੀ ਦੇਣ ਵਾਸਤੇ ਨਵੀਂ ਧਾਰਾ 26ਏ ਵੀ ਲਿਆਂਦੀ ਗਈ ਹੈ ਤਾਂ ਕਿ ਇਸ ਐਕਟ ਨੂੰ ਅਪਰਾਧ ਦੀ ਸ਼ੇ ?ਰਣੀ ਤੋਂ ਬਾਹਰ ਰੱਖਿਆ ਜਾਵੇ ਅਤੇ ਦੁਕਾਨਦਾਰਾਂ ਨੂੰ ਅਦਾਲਤਾਂ ਦੇ ਚੱਕਰਾਂ ਤੋਂ ਛੁਟਕਾਰਾ ਮਿਲੇ। ਇਸ ਤੋਂ ਇਲਾਵਾ ਕਿਰਤੀਆਂ ਦੇ ਹਿੱਤਾਂ ਦੀ ਸੁਰੱਖਿਆ ਲਈ ਵੱਖ-ਵੱਖ ਕਿਰਤ ਕਾਨੂੰਨਾਂ ਰਾਹੀਂ ਮੁਹੱਈਆ ਸਾਰੇ ਅਧਿਕਾਰਾਂ ਦੀ ਪਾਲਣਾ ਹੋਵੇਗੀ।

ਸੰਯੁਕਤ ...

ਰਾਸ਼ਟਰ ਅਤੇ ਆਮ ਤੌਰ 'ਤੇ ਕਸ਼ਮੀਰ ਮੁੱਦੇ ਦਾ ਸਵਾਲ ਹੈ, ਸਾਡੇ ਸਾਹਮਣੇ ਰੁਕਾਵਟਾਂ ਅਜੇ ਵੀ ਮੌਜੂਦ ਹਨ।' ਉਨ੍ਹਾਂ ਕਿਹਾ ਕਿ ਸੰਯੁਕਤ ਰਾਸ਼ਟਰ ਦੇ ਅਧਿਕਾਰੀਆਂ ਅਤੇ ਡਿਪਲੋਮੈਟਾਂ ਨਾਲ ਆਪਣੀਆਂ ਮੀਟਿੰਗਾਂ ਵਿੱਚ ਉਨ੍ਹਾਂ ਨੂੰ ਅੱਤਵਾਦ ਅਤੇ ਪਾਣੀ ਵਰਗੇ ਮੁੱਦਿਆਂ 'ਤੇ ਮਦਦ ਮਿਲੀ, ਪਰ ਇਹ ਕਸ਼ਮੀਰ ਤੱਕ ਨਹੀਂ ਪਹੁੰਚੀ। ਪਾਕਿਸਤਾਨ ਪੀਪਲਜ਼ ਪਾਰਟੀ ਦੇ ਚੇਅਰਮੈਨ ਬਿਲਾਵਲ ਨੇ ਇੱਕ ਫਲਸਤੀਨੀ ਪੱਤਰਕਾਰ ਦੁਆਰਾ ਕਸ਼ਮੀਰ ਅਤੇ ਗਾਜ਼ਾ ਦੀ ਬਰਾਬਰੀ ਕਰਨ ਦੀ ਕੋਸ਼ਿਸ਼ ਨੂੰ ਰੱਦ ਕਰ ਦਿੱਤਾ, ਜਿਸਦੀ ਵਰਤੋਂ ਕੁਝ ਪਾਕਿਸਤਾਨੀਆਂ ਦੁਆਰਾ ਵੀ ਕੀਤੀ ਗਈ ਹੈ।

'ਪਾਕਿਸਤਾਨ ਦੀ ਤੁਲਨਾ ਫਲਸਤੀਨੀਆਂ ਨਾਲ ਨਹੀਂ ਕੀਤੀ ਜਾ ਸਕਦੀ'

ਬਿਲਾਵਲ ਭੁੱਟੋ ਨੇ ਅੱਗੇ ਕਿਹਾ, 'ਮੈਂ ਸ਼ੁਰੂ ਤੋਂ ਹੀ ਜ਼ੋਰ ਦੇ ਕੇ ਕਹਿਣਾ ਚਾਹੁੰਦਾ ਹਾਂ ਕਿ ਮੈਂ ਫਲਸਤੀਨੀਆਂ ਦੀ ਦੁਰਦਸ਼ਾ ਅਤੇ ਪਾਕਿਸਤਾਨ, ਕਸ਼ਮੀਰ ਦੀ ਦੁਰਦਸ਼ਾ ਵਿਚਕਾਰ ਕੋਈ ਅਰਥਪੂਰਨ ਤੁਲਨਾ ਨਹੀਂ ਕਰ ਸਕਦਾ।' ਉਨ੍ਹਾਂ ਕਿਹਾ, 'ਅਸੀਂ ਗਾਜ਼ਾ ਵਿੱਚ ਜੋ ਦੇਖ ਰਹੇ ਹਾਂ, ਜੋ ਅਸੀਂ ਫਲਸਤੀਨ ਵਿੱਚ ਦੇਖ ਰਹੇ ਹਾਂ, ਉਹ ਬਹੁਤ ਹੀ ਅਪਮਾਨਜਨਕ, ਅਣਮਨੁੱਖੀ ਅਤੇ ਹਰ ਰੂਪ, ਰੂਪ ਅਤੇ ਸਥਿਤੀ ਵਿੱਚ ਨਿੰਦਣਯੋਗ ਹੈ।'

ਪਰ ਉਨ੍ਹਾਂ ਦੋਸ਼ ਲਗਾਇਆ ਕਿ ਭਾਰਤ ਇਜ਼ਰਾਈਲ ਤੋਂ ਪ੍ਰੇਰਨਾ ਲੈ ਰਿਹਾ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਵਰਗਾ ਬਣਨ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਉਹ ਉਨ੍ਹਾਂ ਦੇ ਨੇੜੇ-ਤੇੜੇ ਵੀ ਨਹੀਂ ਹਨ।

ਆਪਰੇਸ਼ਨ ਸਿੰਦੂਰ ਤੋਂ ਬਾਅਦ ਪਾਕਿਸਤਾਨ ਘਬਰਾ ਗਿਆ

ਬਿਲਾਵਲ ਦਾ ਵਫ਼ਦ ਇਸਲਾਮਾਬਾਦ ਨੇ ਉਨ੍ਹਾਂ ਸਰਬ-ਪਾਰਟੀ ਵਫ਼ਦਾਂ ਦੇ ਆਧਾਰ 'ਤੇ ਤਿਆਰ ਕੀਤਾ ਹੈ। ਇਹ ਆਧਾਰ ਭਾਰਤ ਦੀ ਅੱਤਵਾਦ ਪ੍ਰਤੀ ਜ਼ੀਰੋ ਟਾਲਰੈਂਸ ਦੀ ਨੀਤੀ ਅਤੇ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ 26 ਲੋਕਾਂ ਦੀ ਮੌਤ ਤੋਂ ਬਾਅਦ ਆਪ੍ਰੇਸ਼ਨ ਸਿੰਦੂਰ ਸ਼ੁਰੂ ਕਰਨ ਬਾਰੇ ਫੈਸਲਾ ਕੀਤਾ ਗਿਆ ਹੈ।

ਲੁਧਿਆਣਾ ...

ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ, ਉਪ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ, ਸਾਬਕਾ ਕੈਬਨਿਟ ਮੰਤਰੀ ਵਿਜੈ ਇੰਦਰ ਸਿੰਗਲਾ, ਐਮਪੀ ਕਿਸ਼ੋਰੀ ਲਾਲ,ਰਵਿੰਦਰ ਡਾਲਵੀ,ਸੁਖਵਿੰਦਰ ਸਿੰਘ ਡੈਨੀ, ਵਿਧਾਇਕ ਪ੍ਰਗਟ ਸਿੰਘ, ਵਿਧਾਇਕ ਤੇ ਚੋਣ ਇੰਚਾਰਜ ਰਾਣਾ ਗੁਰਜੀਤ ਸਿੰਘ,ਸਾਬਕਾ ਮੰਤਰੀ ਗੁਰਕੀਰਤ ਸਿੰਘ ਕੋਟਲੀ, ਸਾਬਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ, ਵਿਧਾਇਕ ਸੁਖਪਾਲ ਸਿੰਘ ਖਹਿਰਾ, ਅਲਕਾ ਲਾਂਬਾ, ਇਮਰਾਨ ਪ੍ਰਤਾਪਗੜ੍ਹੀ, ਸੰਦੀਪ ਦਿਕਸ਼ਿਤ, ਪਵਨ ਖੇੜਾ, ਘਨੱਈਆ ਕੁਮਾਰ, ਐਮਪੀ ਮਨੀਸ਼ ਤਿਵਾੜੀ, ਐਮਪੀ ਗੁਰਜੀਤ ਸਿੰਘ ਔਜਲਾ, ਐਮਪੀ ਡਾ.ਅਮਰ ਸਿੰਘ, ਐਮਪੀ ਡਾ.ਧਰਮਵੀਰ ਗਾਂਧੀ, ਐਮਪੀ ਸ਼ੇਰ ਸਿੰਘ ਘੁਬਾਇਆ, ਸਾਬਕਾ ਕੇਂਦਰੀ ਮੰਤਰੀ ਪਵਨ ਕੁਮਾਰ ਬਾਂਸਲ, ਸਾਬਕਾ ਐਮਪੀ ਜਸਵੀਰ ਸਿੰਘ ਡਿੰਪਾ, ਸਾਬਕਾ ਐਮਪੀ ਮੁਹੰਮਦ ਸਦੀਕ, ਅਦਾਕਾਰ ਰਾਜ ਬੱਬਰ, ਸਾਬਕਾ ਮੰਤਰੀ ਸੁਖਬਿੰਦਰ ਸਿੰਘ ਸੁੱਖਸਰਕਾਰੀਆ, ਸਾਬਕਾ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਅਰੁਣਾ ਚੌਧਰੀ, ਗੁਰਸ਼ਰਨ ਕੌਰ, ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਮੋਹਿਤ ਮਹਿੰਦਰਾ, ਐਨਐਸਯੂਆਈ ਦੇ ਪ੍ਰਧਾਨ ਇਸ਼ਪ੍ਰੀਤ ਸਿੰਘ ਸਿੱਧੂ, ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਵਿਧਾਇਕ ਸੁਖਵਿੰਦਰ ਸਿੰਘ ਕੋਟਲੀ, ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਨਾਮ ਸ਼ਾਮਿਲ ਕੀਤਾ ਗਿਆ ਹੈ।

ਹਾਲ ਦੀ ਘੜੀ ਆਸ਼ੂ ਦੀ ਚੋਣ ਮੁਹਿੰਮ ਦੀ ਕਮਾਨ ਵਿਧਾਇਕ ਰਾਣਾ ਗੁਰਜੀਤ ਸਿੰਘ ਸੋਢੀ, ਸਾਬਕਾ ਮੁੱਖ ਮੰਤਰੀ ਤੇ ਐਮਪੀ ਚਰਨਜੀਤ ਸਿੰਘ ਚੰਨੀ ਨੇ ਸੰਭਾਲੀ ਹੋਈ ਹੈ ਅਤੇ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋਣ ਵਾਲੇ ਹੋਰਨਾਂ ਪਾਰਟੀਆਂ ਦੇ ਆਗੂਆਂ ਨੂੰ ਵੀ ਇਨ੍ਹਾਂ ਦੋਵੇਂ ਆਗੂਆਂ ਵੱਲੋਂ ਹੀ ਸ਼ਾਮਿਲ ਕਰਵਾਇਆ ਜਾ ਰਿਹਾ ਹੈ। ਆਉਣ ਵਾਲੇ ਦਿਨਾਂ ਵਿੱਚ ਸਟਾਰ ਪ੍ਰਚਾਰਕਾਂ ਦੇ ਲੁਧਿਆਣਾ ਪੁੱਜਣ ਨਾਲ ਚੋਣ ਮੁਹਿੰਮ ਵਿੱਚ ਤੇਜੀ ਆਉਣ ਦੀ ਆਸ ਹੈ।

ਸੰਸਦ ...

ਜਾਰੀ ਰਹੇਗੀ ਅਤੇ ਵੱਖ-ਵੱਖ ਵਿਧਾਨਕ ਅਤੇ ਗੈਰ-ਵਿਧਾਨਕ ਕੰਮਾਂ 'ਤੇ ਚਰਚਾ ਕੀਤੀ ਜਾਵੇਗੀ। ਮੰਤਰੀ ਕਿਰੇਨ ਰਿਜਿਜੂ ਨੇ ਕਿਹਾ ਕਿ ਸੈਸ਼ਨ ਦੌਰਾਨ ਚਰਚਾ ਲਈ ਕਈ ਮਹੱਤਵਪੂਰਨ ਬਿੱਲ ਪੇਸ਼ ਕਰਨ ਅਤੇ ਲਿਆਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਨਾਲ ਹੀ ਦੇਸ਼ ਦੀਆਂ ਮੌਜੂਦਾ ਸਮਾਜਿਕ-ਆਰਥਿਕ ਸਥਿਤੀਆਂ, ਮਹਿੰਗਾਈ, ਬੇਰੁਜ਼ਗਾਰੀ ਅਤੇ ਅੰਦਰੂਨੀ ਸੁਰੱਖਿਆ ਵਰਗੇ ਮੁੱਦਿਆਂ 'ਤੇ ਬਹਿਸ ਹੋਣ ਦੀ ਸੰਭਾਵਨਾ ਹੈ।

ਸੰਸਦੀ ਮਾਮਲਿਆਂ ਬਾਰੇ ਮੰਤਰੀ ਨੇ ਸਾਰੀਆਂ ਪਾਰਟੀਆਂ ਨੂੰ ਸਹਿਯੋਗ ਦੀ ਅਪੀਲ ਕੀਤੀ ਅਤੇ ਕਿਹਾ ਕਿ ਸਰਕਾਰ ਚਾਹੁੰਦੀ ਹੈ ਕਿ ਇਹ ਸੈਸ਼ਨ ਸੁਚਾਰੂ ਢੰਗ ਨਾਲ ਚੱਲੇ ਅਤੇ ਰਾਸ਼ਟਰੀ ਹਿੱਤ ਵਿੱਚ ਸਕਾਰਾਤਮਕ ਚਰਚਾ ਹੋਵੇ। ਉਨ੍ਹਾਂ ਕਿਹਾ 'ਸੰਸਦ ਲੋਕਾਂ ਦੀਆਂ ਉਮੀਦਾਂ ਅਨੁਸਾਰ ਕੰਮ ਕਰੇ। ਵਿਰੋਧੀ ਧਿਰ ਦੀ ਭਾਗੀਦਾਰੀ ਲੋਕਤੰਤਰ ਦੀ ਆਤਮਾ ਹੈ ਅਤੇ ਅਸੀਂ ਸਾਰਿਆਂ ਤੋਂ ਰਚਨਾਤਮਕ ਸਹਿਯੋਗ ਦੀ ਉਮੀਦ ਕਰਦੇ ਹਾਂ।'

ਦੱਸ ਦੇਈਏ ਕਿ ਕੱਲ੍ਹ ਕਾਂਗਰਸ ਸਮੇਤ 16 ਵਿਰੋਧੀ ਪਾਰਟੀਆਂ ਨੇ ਪਹਿਲਗਾਮ ਅੱਤਵਾਦੀ ਹਮਲੇ ਅਤੇ ਆਪ੍ਰੇਸ਼ਨ ਸਿੰਦੂਰ ਸਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਪੱਤਰ ਲਿਖਿਆ ਸੀ। ਵਿਰੋਧੀ ਪਾਰਟੀਆਂ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਇੱਕ ਸਾਂਝਾ ਪੱਤਰ ਲਿਖ ਕੇ ਆਪ੍ਰੇਸ਼ਨ ਸਿੰਦੂਰ ਸਬੰਧੀ ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦੀ ਮੰਗ ਕੀਤੀ ਸੀ।

11 ਦੀ ਮੌਤ ...

ਸਟੇਸ਼ਨ 'ਤੇ ਇੰਨੇ ਸਾਰੇ ਲੋਕ ਇਕੱਠੇ ਹੋਏ ਹਨ, ਜਿਵੇਂ ਉੱਥੇ ਕੋਈ ਮੇਲਾ ਚੱਲ ਰਿਹਾ ਹੋਵੇ। ਦੱਸਿਆ ਜਾ ਰਿਹਾ ਹੈ ਕਿ ਇਹ ਸਾਰੇ ਆਰਸੀਬੀ ਦੀ ਵਿਕਟਰੀ ਪਰੇਡ ਦੇਖਣ ਲਈ ਚਿੰਨਾਸਵਾਮੀ ਸਟੇਡੀਅਮ ਵੱਲ ਜਾ ਰਹੇ ਹਨ। ਮੈਟਰੋ ਸਟੇਸ਼ਨ 'ਤੇ ਪੈਰ ਰੱਖਣ ਲਈ ਵੀ ਕੋਈ ਜਗ ?ਹਾ ਨਹੀਂ ਹੈ। ਅਜਿਹੀ ਸਥਿਤੀ ਵਿੱਚ, ਇੱਥੇ ਵੀ ਕਿਸੇ ਹਾਦਸੇ ਦਾ ਡਰ ਬਣਿਆ ਹੋਇਆ ਹੈ। ਚਿੰਨਾਸਵਾਮੀ ਸਟੇਡੀਅਮ ਦੇ ਆਲੇ-ਦੁਆਲੇ ਵਾਹਨਾਂ ਦੇ ਦਾਖਲੇ 'ਤੇ ਪਾਬੰਦੀ ਲਗਾਈ ਗਈ ਹੈ। ਇਸ ਲਈ, ਜ਼ਿਆਦਾਤਰ ਪ੍ਰਸ਼ੰਸਕ ਮੈਟਰੋ ਰਾਹੀਂ ਸਟੇਡੀਅਮ ਪਹੁੰਚ ਰਹੇ ਹਨ। ਇਸ ਕਾਰਨ, ਅੱਜ ਦੁਪਹਿਰ ਤੋਂ ਐਮਜੀ ਰੋਡ ਅਤੇ ਕੱਬਨ ਪਾਰਕ ਮੈਟਰੋ ਸਟੇਸ਼ਨਾਂ 'ਤੇ ਮੇਲੇ ਵਰਗਾ ਮਾਹੌਲ ਬਣ ਗਿਆ ਹੈ। ਅਜਿਹੀ ਸਥਿਤੀ ਪੈਦਾ ਹੋ ਗਈ ਹੈ ਕਿ ਇਸ ਰੂਟ 'ਤੇ ਮੈਟਰੋ ਟ ?ਰੇਨਾਂ ਵਿੱਚ ਪੈਰ ਰੱਖਣਾ ਵੀ ਸੰਭਵ ਨਹੀਂ ਹੈ

ਪੀਐਮ ...

ਦੇ ਜਿੱਤ ਦੇ ਜਸ਼ਨ ਦੌਰਾਨ ਹੋਈ ਭਗਦੜ ਵਿੱਚ ਕਈ ਲੋਕਾਂ ਦੇ ਮਾਰੇ ਜਾਣ ਅਤੇ ਕਈਆਂ ਦੇ ਗੰਭੀਰ ਜ਼ਖਮੀ ਹੋਣ ਦੀ ਖ਼ਬਰ ਸੁਣ ਕੇ ਸਾਨੂੰ ਬਹੁਤ ਦੁੱਖ ਹੋਇਆ ਹੈ। ਇਸ ਦੁਖਾਂਤ ਦੇ ਦਰਦ ਨੇ ਜਿੱਤ ਦੀ ਖੁਸ਼ੀ ਨੂੰ ਵੀ ਢੱਕ ਦਿੱਤਾ ਹੈ। ਮ੍ਰਿਤਕਾਂ ਦੀਆਂ ਆਤਮਾਵਾਂ ਨੂੰ ਸ਼ਾਂਤੀ ਮਿਲੇ ਅਤੇ ਮੈਂ ਜ਼ਖਮੀਆਂ ਅਤੇ ਹਸਪਤਾਲ ਵਿੱਚ ਇਲਾਜ ਅਧੀਨ ਲੋਕਾਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕਰਦਾ ਹਾਂ।'

ਉਨ੍ਹਾਂ ਅੱਗੇ ਲਿਖਿਆ, 'ਮੇਰੀ ਸੰਵੇਦਨਾ ਉਨ੍ਹਾਂ ਸੋਗਮਈ ਪਰਿਵਾਰਾਂ ਨਾਲ ਹੈ ਜਿਨ੍ਹਾਂ ਨੇ ਆਪਣੇ ਅਜ਼ੀਜ਼ਾਂ ਨੂੰ ਗੁਆ ਦਿੱਤਾ ਹੈ। ਬੇਕਾਬੂ ਭੀੜ ਕਾਰਨ ਅਜਿਹੀ ਭਗਦੜ ਅਤੇ ਅਣਸੁਖਾਵੀਂ ਘਟਨਾ ਦੇ ਡਰੋਂ ਟੀਮ ਨੂੰ ਵਿਜੇ ਪਰੇਡ ਵਿੱਚ ਮਾਰਚ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ। ਹਾਲਾਂਕਿ, ਸਟੇਡੀਅਮ ਦੇ ਨੇੜੇ ਲੋਕਾਂ ਦੀ ਭੀੜ ਕਾਰਨ ਹੋਈ ਭਗਦੜ ਨੇ ਇਹ ਹਾਦਸਾ ਵਾਪਰਿਆ। ਮੈਂ ਜਨਤਾ ਨੂੰ ਅਪੀਲ ਕਰਦਾ ਹਾਂ ਕਿ ਉਹ ਇਹ ਸਮਝਣ ਕਿ ਜ਼ਿੰਦਗੀ ਪਿਆਰ ਅਤੇ ਸਨੇਹ ਨਾਲੋਂ ਜ਼ਿਆਦਾ ਮਹੱਤਵਪੂਰਨ ਹੈ ਅਤੇ ਸੁਰੱਖਿਆ ਨੂੰ ਪਹਿਲੀ ਤਰਜੀਹ ਦੇਣ।' ਇਸ ਭਗਦੜ ਵਿੱਚ ਹੁਣ ਤੱਕ ਸੱਤ ਲੋਕਾਂ ਦੇ ਮਾਰੇ ਜਾਣ ਦੀ ਖ਼ਬਰ ਹੈ। ਇਸ ਦੇ ਨਾਲ ਹੀ ਕਈ ਲੋਕ ਜ਼ਖਮੀ ਵੀ ਹੋਏ ਹਨ।

ਅੰਮ੍ਰਿਤਸਰ ...

ਦਾਖਲ ਹੁੰਦੇ ਹੀ ਗੁਰਦਿਆਲ ਸਿੰਘ ਨੇ ਦੋਵਾਂ ਨੂੰ ਫੜ ਲਿਆ ਅਤੇ ਬੁਰੀ ਤਰ੍ਹਾਂ ਕੁੱਟਿਆ। ਸੂਤਰਾਂ ਅਨੁਸਾਰ ਪਤਾ ਲੱਗਾ ਹੈ ਕਿ ਗੁਰਦਿਆਲ ਨੇ ਪਹਿਲਾਂ ਦੋਵਾਂ ਨੂੰ ਕਰੰਟ ਲਗਾਇਆ ਅਤੇ ਫਿਰ ਤੇਜ਼ਧਾਰ ਹਥਿਆਰ ਨਾਲ ਵੱਢ ਦਿੱਤਾ। ਦੋਵਾਂ ਨੂੰ ਮਾਰਨ ਤੋਂ ਬਾਅਦ ਗੁਰਦਿਆਲ ਖੂਨ ਨਾਲ ਲੱਥਪੱਥ ਪੁਲਿਸ ਸਟੇਸ਼ਨ ਪਹੁੰਚਿਆ ਅਤੇ ਆਤਮ ਸਮਰਪਣ ਕਰ ਦਿੱਤਾ। ਜੋਬਨਦੀਪ ਸਿੰਘ ਅਤੇ ਗੁਰਦਿਆਲ ਸਿੰਘ ਦੋਵਾਂ ਦੇ ਘਰ ਨੇੜੇ ਹੀ ਹਨ। ਜੋਬਨਦੀਪ ਦਾ ਗੁਰਦਿਆਲ ਸਿੰਘ ਦੀ ਧੀ ਸੁਖਪ੍ਰੀਤ ਨਾਲ ਪ੍ਰੇਮ ਸਬੰਧ ਸੀ। ਜਦੋਂ ਗੁਰਦਿਆਲ ਸਿੰਘ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਸਨੇ ਘਰ ਵਿੱਚ ਦੋਵਾਂ ਦੀ ਹੱਤਿਆ ਕਰ ਦਿੱਤੀ। ਪਰਿਵਾਰ ਨੂੰ 1 ਜੂਨ ਨੂੰ ਉਨ੍ਹਾਂ ਦੇ ਪ੍ਰੇਮ ਸਬੰਧਾਂ ਬਾਰੇ ਪਤਾ ਲੱਗਾ। ਫਿਲਹਾਲ ਜਾਂਚ ਵਿੱਚ ਖੁਲਾਸਾ ਹੋਇਆ ਹੈ ਕਿ ਗੁਰਦਿਆਲ ਸਿੰਘ ਇਕੱਲਾ ਹੀ ਕਤਲ ਵਿੱਚ ਸ਼ਾਮਲ ਸੀ, ਫਿਰ ਵੀ ਪੁਲਿਸ ਮਾਮਲੇ ਦੀ ਜਾਂਚ ਵਿੱਚ ਲੱਗੀ ਹੋਈ ਹੈ।

ਰੂਪਨਗਰ ...

ਇੱਕ ਸੋਸ਼ਲ ਮੀਡੀਆ ਇਨਫਲੂਐਂਸਰ ਹੈ, ਜੋ "ਜਾਨ ਮਾਹਲ ਵੀਡੀਓ" ਨਾਮ ਦਾ

ਯੂਟਿਊਬ ਚੈਨਲ ਚਲਾ ਰਿਹਾ ਸੀ , ਜਿਥੇ ਸਫਰਨਾਮਿਆਂ ਅਤੇ ਖਾਣਾ ਪਕਾਉਣ ਸਬੰਧੀ ਵਲੌਗ ਪੋਸਟ ਕੀਤੇ ਜਾਂਦੇ ਸਨ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਇਹ ਗੱਲ ਸਾਹਮਣੇ ਆਈ ਹੈ ਕਿ ਮੁਲਜ਼ਮ ਜਸਬੀਰ ਸਿੰਘ ਪਾਕਿਸਤਾਨੀ ਇੰਟੈਲੀਜੈਂਸ ਆਪਰੇਟਿਵ (ਪੀਆਈਓ) ਸ਼ਾਕਿਰ ਉਰਫ਼ ਜੱਟ ਰੰਧਾਵਾ ਨਾਲ ਜੁੜਿਆ ਹੋਇਆ ਹੈ, ਜੋ ਕਿ ਇੱਕ ਅੱਤਵਾਦੀ-ਸਮਰਥਿਤ ਜਾਸੂਸੀ ਨੈੱਟਵਰਕ ਦਾ ਹਿੱਸਾ ਹੈ। ਉਸ ਦੇ ਹਰਿਆਣਾ ਸਥਿਤ ਯੂਟਿਊਬਰ ਜੋਤੀ ਮਲਹੋਤਰਾ — ਜਿਸਨੂੰ ਹਰਿਆਣਾ ਪੁਲਿਸ ਨੇ ਜਾਸੂਸੀ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਸੀ ਤੋਂ ਇਲਾਵਾ ਪਾਕਿਸਤਾਨੀ ਨਾਗਰਿਕ ਅਤੇ ਪਾਕਿਸਤਾਨੀ ਹਾਈ ਕਮਿਸ਼ਨ ਤੋਂ ਕੱਢੇ ਗਏ ਅਧਿਕਾਰੀ ਅਹਿਸਾਨ-ਉਰ-ਰਹੀਮ ਉਰਫ਼ ਦਾਨਿਸ਼ ਨਾਲ ਵੀ ਸਿੱਧੇ ਸੰਪਰਕ ਸਨ।

ਉਨ੍ਹਾਂ ਕਿਹਾ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਦਾਨਿਸ਼ ਦੇ ਸੱਦੇ 'ਤੇ ਦੋਸ਼ੀ ਜਸਬੀਰ ਦਿੱਲੀ ਵਿੱਚ ਪਾਕਿਸਤਾਨ ਰਾਸ਼ਟਰੀ ਦਿਵਸ ਸਮਾਗਮ ਵਿੱਚ ਸ਼ਾਮਲ ਹੋਇਆ ਸੀ, ਜਿੱਥੇ ਉਹ ਪਾਕਿਸਤਾਨੀ ਫੌਜ ਦੇ ਅਧਿਕਾਰੀਆਂ ਅਤੇ ਵਲੌਗਰਾਂ ਨੂੰ ਮਿਲਿਆ ਸੀ। ਦੋਸ਼ੀ 2020, 2021 ਅਤੇ 2024 ਤਿੰਨ ਵਾਰ ਪਾਕਿਸਤਾਨ ਵੀ ਗਿਆ , ਅਤੇ ਆਈਐਸਆਈ ਅਧਿਕਾਰੀਆਂ ਦੇ ਸਿੱਧੇ ਸੰਪਰਕ ਵਿੱਚ ਆਇਆ ਸੀ, ਜਿਨ੍ਹਾਂ ਨੇ ਬਾਅਦ ਵਿੱਚ ਉਸਨੂੰ ਭਾਰਤ ਵਿੱਚ ਜਾਸੂਸੀ ਗਤੀਵਿਧੀਆਂ ਕਰਨ ਲਈ ਭਰਤੀ ਕੀਤਾ।

ਡੀਜੀਪੀ ਨੇ ਕਿਹਾ ਕਿ ਜੋਤੀ ਮਲਹੋਤਰਾ ਦੀ ਗ੍ਰਿਫ਼ਤਾਰੀ ਤੋਂ ਬਾਅਦ, ਦੋਸ਼ੀ ਜਸਬੀਰ ਨੇ ਫੜੇ ਜਾਣ ਤੋਂ ਬਚਣ ਲਈ ਇਨ੍ਹਾਂ ਪੀਆਈਓਜ਼ ਨਾਲ ਆਪਣੇ ਸੰਚਾਰ ਦੇ ਸਾਰੇ ਸਬੂਤ ਮਿਟਾਉਣ ਦੀ ਕੋਸ਼ਿਸ਼ ਕੀਤੀ । ਉਨ੍ਹਾਂ ਅੱਗੇ ਕਿਹਾ ਕਿ ਵਿਆਪਕ ਜਾਸੂਸੀ-ਅੱਤਵਾਦੀ ਨੈੱਟਵਰਕ ਨੂੰ ਖਤਮ ਕਰਨ ਅਤੇ ਸਾਰੇ ਸਹਿਯੋਗੀਆਂ ਦੀ ਪਛਾਣ ਕਰਨ ਲਈ ਹੋਰ ਜਾਂਚ ਜਾਰੀ ਹੈ।

ਆਪਰੇਸ਼ਨ ਦੇ ਵੇਰਵੇ ਸਾਂਝੇ ਕਰਦੇ ਹੋਏ, ਸਹਾਇਕ ਇੰਸਪੈਕਟਰ ਜਨਰਲ ਆਫ਼ ਪੁਲਿਸ (ਏਆਈਜੀ) ਐਸਐਸਓਸੀ ਐਸਏਐਸ ਨਗਰ ਡਾ. ਰਵਜੋਤ ਗਰੇਵਾਲ ਨੇ ਕਿਹਾ ਕਿ ਪੁਲਿਸ ਟੀਮਾਂ ਨੂੰ ਭਰੋਸੇਯੋਗ ਇਤਲਾਹ ਮਿਲੀ ਸੀ ਕਿ ਜਸਬੀਰ ਸਿੰਘ ਉਰਫ਼ ਜਾਨ ਮਾਹਲ, ਪਾਕਿਸਤਾਨੀ ਖੁਫੀਆ ਏਜੰਸੀ ਆਈਐਸਆਈ ਦੇ ਏਜੰਟਾਂ ਸਮੇਤ ਕਈ ਪਾਕਿਸਤਾਨੀ ਸੰਸਥਾਵਾਂ ਦੇ ਸੰਪਰਕ ਵਿੱਚ ਹੈ ਅਤੇ ਭਾਰਤੀ ਫੌਜ ਦੀ ਤਾਇਨਾਤੀ ਅਤੇ ਦੇਸ਼ ਦੀਆਂ ਹੋਰ ਅੰਦਰੂਨੀ ਗਤੀਵਿਧੀਆਂ ਬਾਰੇ ਸੰਵੇਦਨਸ਼ੀਲ ਜਾਣਕਾਰੀ ਪਾਕਿਸਤਾਨ ਨੂੰ ਪ੍ਰਦਾਨ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ, ਐਸ.ਐਸ.ਓ.ਸੀ. ਐਸਏਐਸ ਨਗਰ ਦੀਆਂ ਟੀਮਾਂ ਨੇ ਇੰਟੈਲੀਜੈਂਸ-ਅਧਾਰਤ ਕਾਰਵਾਈ ਸ਼ੁਰੂ ਕੀਤੀ ਹੈ ਅਤੇ ਸ਼ੱਕੀ ਨੂੰ ਉਸਦੇ ਮੋਬਾਈਲ ਡਿਵਾਈਸ ਸਮੇਤ ਗ੍ਰਿਫਤਾਰ ਕਰ ਲਿਆ । ਉਨ੍ਹਾਂ ਕਿਹਾ ਕਿ ਗ੍ਰਿਫਤਾਰ ਕੀਤੇ ਗਏ ਵਿਅਕਤੀ ਦੇ ਮੋਬਾਈਲ ਫੋਨ ਦੀ ਸ਼ੁਰੂਆਤੀ ਫੋਰੈਂਸਿਕ ਜਾਂਚ ਤੋਂ ਲਗਭਗ 150 ਪਾਕਿਸਤਾਨੀ ਸੰਪਰਕ ਮਿਲੇ ਹਨ, ਜਿਨ੍ਹਾਂ ਵਿੱਚ ਪਾਕਿਸਤਾਨੀ ਆਈਐਸਆਈ ਏਜੰਟਾਂ, ਪਾਕਿਸਤਾਨ ਹਾਈ ਕਮਿਸ਼ਨ ਦੇ ਅਧਿਕਾਰੀਆਂ ਅਤੇ ਹੋਰ ਪਾਕਿਸਤਾਨੀ ਸੰਸਥਾਵਾਂ ਦੇ ਮੋਬਾਈਲ ਨੰਬਰ ਸ਼ਾਮਲ ਹਨ।

ਏਆਈਜੀ ਨੇ ਕਿਹਾ ਕਿ ਆਪਣੇ ਬਾਰੇ ਜਾਣਕਾਰੀ ਨੂੰ ਛੁਪਾਉਣ ਦੀ ਕੋਸ਼ਿਸ਼ ਵਿੱਚ, ਦੋਸ਼ੀ ਨੇ ਆਪਣੇ ਮੋਬਾਈਲ ਫੋਨ ਤੋਂ ਚੈਟ, ਸੰਪਰਕ ਰਿਕਾਰਡ ਅਤੇ ਪਾਕਿਸਤਾਨੀ ਖੁਫੀਆ ਹੈਂਡਲਰਾਂ ਨਾਲ ਆਦਾਨ-ਪ੍ਰਦਾਨ ਕੀਤੇ ਗਏ ਦਸਤਾਵੇਜ਼ਾਂ ਸਮੇਤ ਮਹੱਤਵਪੂਰਨ ਡਿਜੀਟਲ ਸਬੂਤ ਮਿਟਾ ਦਿੱਤੇ। ਉਨ੍ਹਾਂ ਇਹ ਵੀ ਕਿਹਾ ਕਿ ਉਸ ਵੱਲੋਂ ਮਿਟਾਇਆ ਗਿਆ ਡੇਟਾ ਅਤੇ ਲੀਕ ਕੀਤੀ ਜਾਣਕਾਰੀ ਨੂੰ ਮੁੜ ਪ੍ਰਾਪਤ ਕਰਨ ਲਈ ਤਕਨੀਕੀ ਰਿਕਵਰੀ ਅਤੇ ਫੋਰੈਂਸਿਕ ਜਾਂਚ ਜਾਰੀ ਹੈ।

# ਗ੍ਰੀਨ ਹਾਈਵੇ ਪ੍ਰੋਜੈਕਟ ਨੂੰ ਅੱਗ ਲੱਗਣ ਨਾਲ 4 ਹਜ਼ਾਰ ਰੁੱਖ ਸੜਕੇ ਨਸ਼ਟ, ਵਾਤਾਵਰਣ ਪ੍ਰੇਮੀਆ ਨੇ ਜਤਾਇਆ ਭਾਰੀ ਰੋਸ





**ਵੇਰਕਾ - (ਸ਼ਮਸ਼ੇਰ ਸਿੰਘ ਜੇਠੂਵਾਲ)** ਅੰਮ੍ਰਿਤਸਰ ਪਠਾਨਕੋਟ ਸੜਕੀ ਮਾਰਗ ਤੇ ਪੈਂਦੇ ਕਸਬਾ ਵੇਰਕਾ ਦੇ ਨਵੇਂ ਬਾਈਪਾਸ ਤੇ ਬਣਾਏ ਜਲੇਬੀਪੁਲ ਕਿਨਾਰੇ ਗ੍ਰੀਨ ਹਾਈਵੇ ਪ੍ਰੋਜੈਕਟ ਤਹਿਤ ਲਗਾਏ ਗਏ ਲਗਭਗ 4 ਹਜ਼ਾਰ ਹਰੇ ਭਰੇ ਬੂਟੇ ਜੋ ਰੁੱਖ ਬਣ ਰਹੇ ਸਨ ਜਿਸਨੂੰ ਕਿਸੇ ਸ਼ਰਾਰਤੀ ਅਨਸਰ ਦੁਆਰਾ ਲਗਾਈ ਅੱਗ ਨਾਲ ਸੜਕੇ ਪੂਰੀ ਤਰ੍ਹਾਂ ਨਾਲ ਨਸ਼ਟ ਹੋ ਗਏ।

ਇਹ ਰੁੱਖ 3 ਸਾਲ ਪਹਿਲਾ ਕਾਰ ਸੇਵਾ ਵਾਲਾ ਸੰਤ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆ ਤੋਂ ਇਲਾਵਾ ਵਣ ਵਿਭਾਗ ਦੁਆਰਾ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ 400 ਸਾਲਾ ਜਨਮ ਸ਼ਤਾਬਦੀ ਦੇ ਸਬੰਧ ਦੌਰਾਨ ਲਗਾਏ ਸਨ ਜੋ ਕਾਫੀ ਵੱਡੇ ਹੋਕੇ ਬਾਗ ਦੇ ਰੂਪ ਵਿਚ ਨਜ਼ਰ ਆਉਂਦੇ ਸਨ। ਇਨ੍ਹਾਂ ਰੁੱਖਾਂ ਨੂੰ ਕਿਸੇ ਸ਼ਰਾਰਤੀ ਅਨਸਰ ਦੁਆਰਾ 3 ਜੂਨ ਸਵੇਰ ਵੇਲੇ ਅੱਗ ਲਗਾ ਦਿੱਤੀ ਜਿਸ ਨਾਲ ਇਹ ਅੱਗ ਪੂਰੀ ਤਰ੍ਹਾਂ ਨਾਲ ਫੈਲ ਗਈ ਜਿਸਨੇ ਸਾਰੇ ਰੁੱਖਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਤੇ ਇਹ ਰੁੱਖ ਜਿੰਨ੍ਹਾਂ ਦੀ ਸੰਖਿਆ 4 ਹਜ਼ਾਰ ਦੱਸੀ ਗਈ ਹੈ ਸਾਰੇ ਅੱਗ ਦੀ ਲਪੇਟ ਵਿਚ ਆਉਣ ਨਾਲ ਨਸ਼ਟ ਹੋ ਗਏ। ਅੱਗ ਲੱਗਣ ਨਾਲ ਪੈਦਾ ਹੋਏ ਵੱਡੇ ਪੱਧਰ ਤੇ ਧੂਏ ਨਾਲ ਹਾਈਵੇ ਤੇ ਆਉਣ ਜਾਣ ਵਾਲੇ ਲੋਕਾਂ ਨੂੰ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਵੀ ਕਰਨਾ ਪਿਆ। ਅੱਗ ਲੱਗਣ ਦੌਰਾਨ ਇੱਥੇ ਲੰਘ ਰਹੇ ਵਾਤਾਵਰਣ ਪ੍ਰੇਮੀ ਸ਼ਮਸ਼ੇਰ ਸਿੰਘ ਜੇਠੂਵਾਲ, ਸੰਤ ਵਜੀਰ ਸਿੰਘ ਮੂਧਲ, ਹਰਮਨਪ੍ਰੀਤ ਸਿੰਘ ਹੁੰਦਲ, ਕੌਂਸਲਰ ਨਵਦੀਪ ਸਿੰਘ ਹੁੰਦਲ, ਕਾਮਰੇਡ ਬਲਕਾਰ ਸਿੰਘ ਦੁਧਾਲਾ ਨੇ ਅੱਗ ਦੀ ਲਪੇਟ ਵਿਚ ਆਕੇ ਨੁਕਸਾਨੇ ਗਏ ਰੁੱਖਾਂ ਪ੍ਰਤੀ ਭਾਰੀ ਰੋਸ ਪ੍ਰਗਟ ਕਰਦਿਆ ਸ਼ਰਾਰਤੀ ਅਨਸਰ ਦੀ ਭਾਲ ਕਰਕੇ ਕਨੂੰਨੀ ਕਾਰਵਾਈ ਦੀ ਮੰਗ ਕੀਤੀ।

ਇਸ ਮਾਮਲੇ ਵਣ ਵਿਭਾਗ ਦੇ ਗਾਰਡ ਸਤਨਾਮ ਸਿੰਘ ਨਾਲ ਰਾਬਤਾ ਕਰਨ ਤੇ ਉਨ੍ਹਾਂ ਦੱਸਿਆ ਕਿ ਅੱਗ ਲੱਗਣ ਦੀ ਜਾਣਕਾਰੀ ਮਿਲਣ ਉਪਰੰਤ ਅੱਗ ਬੁਝਾਊ ਅਮਲੇ ਨੂੰ ਸੂਚਿਤ ਕੀਤਾ ਗਿਆ ਪਰ ਵਿਭਾਗ ਦੁਆਰਾ ਕੇਵਲ ਇੱਕ ਗੱਡੀ ਹੀ ਭੇਜੀ ਗਈ ਜਿਸਦੇ ਦੇਰੀ ਨਾਲ ਪਹੁੰਚਣ ਕਾਰਣ ਇਹ ਬੂਟੇ ਪੂਰੀ ਤਰ੍ਹਾਂ ਅੱਗ ਦੀ ਲਪੇਟ ਵਿਚ ਆਕੇ ਨਸ਼ਟ ਹੋ ਚੁੱਕੇ ਸਨ। ਗਾਰਡ ਨੇ ਕਿਹਾ ਕਿ ਵੱਡੇ ਰੁੱਖ ਨੂੰ ਪਾਣੀ ਦੀ ਮਦਦ ਨਾਲ ਬਚਾਉਣ ਦੇ ਯਤਨ ਕੀਤੇ ਜਾਣਗੇ ਅਤੇ ਛੋਟੇ ਬੂਟੇ ਜੋ ਬਿਲਕੁੱਲ ਖਤਮ ਹੋ ਗਏ ਹਨ ਉੱਥੇ ਨਵੇਂ ਸਿਰੇ ਤੋਂ ਦੁਬਾਰਾ ਲਗਾਏ ਜਾਣਗੇ।

# ਆੜ੍ਹਤੀ ਐਸੋਸ਼ੀਏਸ਼ਨ ਦੇ ਨਵੇਂ ਦਫ਼ਤਰ ਦਾ ਉਦਘਾਟਨ

## ਸੁਨੀਲ ਪਾਸੀ ਦੀ ਪ੍ਰਧਾਨਗੀ ਹੇਠ ਮੀਟਿੰਗ



**ਜੰਡਿਆਲਾ ਗੁਰ/(ਗੁਰਦੇਵ ਸਿੰਘ ਮਨਜੋਤਰਾਂ**

ਬੀਤੇ ਕਲ੍ਹ ਆੜਤੀ ਐਸੋਸ਼ੀਏਸ਼ਨ ਦੀ ਇਕ ਜ਼ਰੂਰੀ ਮੀਟਿੰਗ ਕੀਤੀ ਗਈ ਜਿਸ ਵਿੱਚ ਨਵੇਂ ਦਫ਼ਤਰ ਦਾ ਉਦਘਾਟਨ ਆੜਤੀ ਐਸੋਸ਼ੀਏਸ਼ਨ ਦੇ ਸੀਨੀਅਰ ਮੈਂਬਰ ਰਮੇਸ਼ ਕੁਮਾਰ , ਰਸ਼ਪਾਲ ਸਿੰਘ ਕਾਲੇ ਸ਼ਾਹ, ਮੋਹਿੰਦਰ ਸਿੰਘ ਛੱਜਲਵੱਡੀ ਨੇ ਕੀਤਾ । ਜਿਸ ਉਪਰੰਤ ਸੁਨੀਲ ਪਾਸੀ ਪ੍ਰਧਾਨ ਆੜਤੀ ਐਸੋਸੀਏਸ਼ਨ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ ਜਿਸ ਵਿੱਚ ਜਿਮੀਦਾਰ ਭਰਾਵਾਂ ਨੂੰ 12 ਵਜੇ ਦੁਪਹਿਰ ਤਕ ਟਰਾਲੀਆਂ ਲਿਆਉਣ ਲਈ ਫੈਸਲਾ ਕੀਤਾ ਗਿਆ । ਖਰੀਦਦਾਰ ਵੀਰਾਂ ਨੂੰ ਸਮੇਂ ਨਾਲ ਬੋਲੀ ਖਤਮ ਕਰਨ ਲਈ ਅਤੇ ਧਾਰਾ ਸ਼ਰਾ ਅਨੁਸਾਰ ਪੈਮੇਂਟ ਕਰਨ ਲਈ ਕਿਹਾ ਗਿਆ । ਸਾਰਿਆਂ ਨੇ ਵਿਸ਼ਵਾਸ ਦਵਾਇਆ ਕਿ ਜਿਮੀਦਾਰ ਅਤੇ ਲੇਬਰ ਵਾਲੇ ਆੜਤੀਆਂ ਨੂੰ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ । ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨਜਿੰਦਰ ਸਿੰਘ ਸਰਜਾ, ਰਮਨ ਬੱਸੀ, ਨਵਦੀਪ ਸਿੰਘ ਨੀਟਾ, ਮਨਪ੍ਰੀਤ ਸਿੰਘ, ਹਰਪ੍ਰੀਤ ਸਿੰਘ ਹੈਪੀ, ਮਨੀ ਮਿਗਲਾਨੀ, ਸੁਰਿੰਦਰ ਮੋਹਨ ਲਾਲੀ ਸਤੀਸ਼ ਕੁਮਾਰ, ਅਮਨਦੀਪ ਸਿੰਘ, ਸਰਬਜੀਤ ਸਿੰਘ, ਭਲਵਾਨ ਨਿਸ਼ਾਨ ਸਿੰਘ, ਸੁਰਜੀਤ ਸਿੰਘ ਕੰਗ, ਪਵਨ ਜੈਨ ਸ਼ੰਟੀ, ਸੁਰਿੰਦਰ ਸੇਠ ,ਗੁਰਪ੍ਰੀਤ ਸਿੰਘ ਸਾਬਾ, ਗੁਰਮੀਤ ਸਿੰਘ, ਰਾਜਪਾਲ ਸਿੰਘ, ਹੇਮਰ ਜੈਨ, ਕੁਲਦੀਪ ਸਿੰਘ ਆਦਿ ਆੜਤੀ ਹਾਜ਼ਿਰ ਸਨ । ਇਸ ਦੌਰਾਨ ਸੁਨੀਲ ਪਾਸੀ ਪ੍ਰਧਾਨ ਨੇ ਹਰਭਜਨ ਸਿੰਘ ਈਟੀਓ ਕੈਬਿਨੇਟ ਮੰਤਰੀ ਪੰਜਾਬ ਦਾ ਅਤੇ ਡੀਸੀ ਮੈਡਮ ਸਾਕਸ਼ੀ ਸਾਹਨੀ, ਡੀ ਐਫ ਐੱਸ ਸੀ ਅਮਨਦੀਪ ਸਿੰਘ ਦਾ ਧੰਨਵਾਦ ਕੀਤਾ ਜਿੰਨਾ ਦੇ ਸਹਿਯੋਗ ਸਦਕਾ ਜੰਡਿਆਲਾ ਮੰਡੀ ਪਹਿਲ ਦੇ ਅਧਾਰ ਤੇ ਕਣਕ ਦੀ ਲਿਫਟਿੰਗ ਹੋਈ ਹੈ ।

# ਜੰਡਿਆਲਾ ਗੁਰੂ ਪੁਲਿਸ ਨੂੰ ਮਿਲੀ ਵੱਡੀ ਕਾਮਜਾਬੀ

## ਲੁੱਟ ਖੋਹ ਕਰਨ ਵਾਲੇ ਤਿੰਨ ਆਰੋਪੀਆਂ ਨੂੰ ਇੱਕ ਪਿਸਟਲ ਸਮੇਤ ਕੀਤੇ ਕਾਬੂ

**ਜੰਡਿਆਲਾ ਗੁਰੂ/ਗੁਰਦੇਵ ਸਿੰਘ ਮਨਜੋਤਰਾਂ**



ਜੰਡਿਆਲਾ ਗੁਰੂ ਦੀ ਪੁਲਿਸ ਇੱਕ ਗੁੱਪਤ ਸੂਚਨਾ ਦੇ ਅਧਾਰ ਤੇ ਕੋਈ ਗੱਡੀਆਂ ਖੋਹਣ ਵਾਲਾ ਗੈਂਗ ਜੋਂ ਜੀਟੀ ਰੋਡ ਤੇ ਐਕਟਿਵ ਹੈ ਹਾਈਵੇ ਦੇ ਉੱਤੇ ਤੇ ਕਿਸੇ ਹੋਟਲ ਦੇ ਵਿੱਚ ਠਹਿਰੇ ਆ ਅਸੀਂ ਰੂਟੀਨ ਦੇ ਵਿੱਚ ਚੈਕਿੰਗ ਕੀਤੀ ਤੇ ਇੱਕ ਦਾਣਾ ਪਾਣੀ ਹੋਟਲ ਦੇ ਨਾਕੇ ਦੌਰਾਨ ਤਿੰਨ ਵਿਅਕਤੀ ਜੰਡਿਆਲਾ ਗੁਰੂ ਤਰਫੋ ਆਉਂਦੇ ਦਿਖਾਈ ਦਿੱਤੇ ਜੋਂ ਕਿ ਇੱਕ ਬਿਨਾਂ ਨੰਬਰ ਪਲੇਟ ਤੋ ਸੀ ਓਹਨਾ ਨੂੰ ਰੁਕਣ ਦਾ ਇਸ਼ਾਰਾ ਕੀਤਾ ਤੇ ਪੁੱਛ ਗਿੱਛ ਕੀਤੀ ਗਈ ਤਾਂ ਤਲਾਸ਼ੀ ਦੁਰਾਨ ਉਹਨਾਂ ਵਿੱਚੋ ਇੱਕ ਵਿਅਕਤੀ ਕੋਲੋਂ 32 ਬੋਰ ਦਾ ਪਿਸਟਲ ਬਰਾਮਦ ਕੀਤਾ ਤੇ ਜਿਹੜਾ ਉਹਨਾਂ ਦੀ ਪੁੱਛਗਿਸ਼ ਕੀਤੀ ਆ ਉਹਨਾਂ ਨੇ ਕੋਈ ਪਲੈਨ ਬਣਾਇਆ ਸੀ ਰਾਤ ਨੂੰ ਖਲਚਿਆ ਸਾਈਡ ਤੋਂ ਹਾਈਵੇ ਤੇ ਗੱਡੀ ਖੋਹਣ ਦਾ ਪਹਿਲਾਂ ਵੀ ਇਹਨਾਂ ਤੇ ਪਰਚੇ ਦਰਜ ਹਨ ਇਹ ਤਰਨ ਤਾਰਨ ਗੋਇੰਦਵਾਲ ਸਾਹਿਬ ਦੇ ਰਹਿਣ ਵਾਲੇ ਆ ਇੱਕ ਇਹਨਾਂ ਦੇ ਵਿੱਚ ਅਰਜਨ ਸਿੰਘ ਸੂਬਾ ਬੜੇਕ ਸਿੰਘ ਪਿੰਡ ਦਾ ਵਾ ਤੇ ਦੋ ਜਿਹੜੇ ਸਤਨਾਮ ਸਿੰਘ ਤੇ ਗੁਰਸੇਵਕ ਸਿੰਘ ਇਹ ਮੀਆਂ ਵਿੰਡ ਤਰਨ ਤਾਰਨ ਦੇ ਤੇ ਇਹਨਾਂ ਦੀ ਪੁੱਛ ਗਿੱਛ ਤੋ ਪਤਾ ਲੱਗਾ ਜਦੋਂ ਕਿਤੇ ਇਹਨਾਂ ਨੇ ਕੋਈ ਵਾਰਦਾਤ ਕਰਨੀ ਹੁੰਦੀ ਆ ਤੇ ਇੱਥੇ ਜੀਟੀ ਰੋਡ ਤੇ ਹੋਟਲਾਂ ਦੇ ਵਿੱਚ ਠਹਿਰਦੇ ਆ ਤੇ ਉਦੋਂ ਹੀ ਰੋਡ ਤੇ ਚੜਦੇ ਆ ਜਦੋਂ ਇਹਨਾਂ ਨੂੰ ਕੋਈ ਟਾਸਕ ਮਿਲ ਜਾਂਦਾ ਵਾ ਤੇ ਫਿਰ ਇਹ ਗੱਡੀ ਖੋਹ ਕੇ ਅੱਗੇ ਵੇਚ ਦਿੰਦੇ ਆ ਇਹ ਵੀ ਇਹਨਾਂ ਨੇ ਕਰੇਟਾ ਗੱਡੀ ਕਹਿੰਦੇ ਅਸੀਂ ਖੋਣੀ ਸੀਗੀ ਤੇ ਅੱਗੇ ਸਾਢੇ ਚਰ ਲੱਖ ਦੇ ਵਿੱਚ ਮਾਲਵੇ ਦੇ ਵਿੱਚ ਕਿਸੇ ਨੂੰ ਦੇਣੀ ਕੀਤੀ ਸੀ ਹੁਣ ਅਸੀਂ ਇਹਨਾਂ ਦੀ ਪੁਸ਼ਟੀ ਕਰਕੇ ਰਿਮਾਂਡ ਲੈ ਕੇ ਉਹ ਵੀ ਬੰਦੇ ਟਰੇਸ ਕਰਾਂਗੇ ਜਿਹਨੂੰ ਗੱਡੀ ਦੇਣੀ ਸੀ ਇਹ ਪੂਰਾ ਗੈਂਗ ਹੈ ਜਿਸਦਾ ਅਸੀਂ ਪਰਦਾਫਾਸ਼ ਕਰਾਂਗੇ ਇਹਨਾ ਤੇ ਮੁਕਦਮਾ ਦਰਜ ਕਰ ਲਿਆ ਗਿਆ ਹੈ ਬਾਕੀ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਲੈ ਰਹੇ ਹਾਂ ਤਫਤੀਸ ਦੁਰਾਨ ਜੋਂ ਵੀ ਤੱਥ ਸਾਹਮਣੇ ਆਉਣਗੇ ਓਸ ਮੁਤਾਬਿਕ ਕਾਰਵਾਈ ਕੀਤੀ ਜਾਵੇਗੀ

# ਜ਼ਿਲ੍ਹਾ ਪ੍ਰਸ਼ਾਸਨ ਜ਼ਿਲ੍ਹੇ ਨੂੰ .ਗੈਰ-ਕਾਨੂੰਨੀ ਮਾਈਨਿੰਗ ਮੁਕਤ ਬਣਾਏਗਾ - ਡਾ. ਮਨੋਜ ਕੁਮਾਰ

- ਮਾਈਨਿੰਗ ਵਿਭਾਗ ਦੀ ਟੀਮ ਨੇ ਮਛਰੌਲਾ ਵਿੱਚ ਛਾਪਾ ਮਾਰਿਆ ਅਤੇ .ਗੈਰ-ਕਾਨੂੰਨੀ ਰੇਤ ਨਾਲ ਭਰੀ ਟਰਾਲੀ ਜ਼ਬਤ ਕੀਤੀ
- ਦੂਜੇ ਮਾਮਲੇ ਵਿੱਚ ਸਰਕਾਰੀ ਖਜ਼ਾਨੇ ਵਿੱਚ 2 ਲੱਖ 20 ਹਜ਼ਾਰ ਰੁਪਏ ਦਾ ਜੁਰਮਾਨਾ ਜਮ ?ਹਾਂ ਕਰਵਾਉਣ ਤੋਂ ਬਾਅਦ ਟਰੈਕਟਰ ਛੱਡ ਦਿੱਤਾ -ਟਰਾਲੀ

**ਸੋਨੀਪਤ/ਰਜਤ ਕੁਮਾਰ**

ਡਿਪਟੀ ਕਮਿਸ਼ਨਰ ਡਾ. ਮਨੋਜ ਕੁਮਾਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਜ਼ਿਲ੍ਹੇ ਵਿੱਚ .ਗੈਰ-ਕਾਨੂੰਨੀ ਮਾਈਨਿੰਗ ’ਤੇ ਸ਼ਿਕੰਜਾ ਕੱਸਣ ਲਈ ਲਗਾਤਾਰ ਸਖ਼ਤ ਕਦਮ ਚੁੱਕ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ .ਗੈਰ-ਕਾਨੂੰਨੀ ਮਾਈਨਿੰਗ ਵਿਰੁੱਧ ਸਖ਼ਤ ਕਦਮ ਚੁੱਕ ਰਹੀ ਹੈ ਅਤੇ ਮਾਈਨਿੰਗ ਵਿਭਾਗ ਲਗਾਤਾਰ ਇਸ ਦੀ ਨਿਗਰਾਨੀ ਕਰ ਰਿਹਾ ਹੈ। ਸਰਕਾਰ ਦਾ ਮੁੱਖ ਟੀਚਾ ਮਾਈਨਿੰਗ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਪਾਰਦਰਸ਼ੀ ਬਣਾਉਣਾ ਅਤੇ .ਗੈਰ-ਕਾਨੂੰਨੀ ਮਾਈਨਿੰਗ ਨੂੰ ਜੜ੍ਹੋਂ ਪੁੱਟਣਾ ਹੈ। ਜ਼ਿਲ੍ਹੇ ਵਿੱਚ ਟਾਸਕ ਫੋਰਸ ਦੀ ਟੀਮ ਪੂਰੀ ਚੌਕਸੀ ਅਤੇ ਚੌਕਸੀ ਨਾਲ ਆਪਣੀ ਡਿਊਟੀ ਨਿਭਾਉਂਦੇ ਹੋਏ ਹਰ ਪਹਿਲੂ ’ਤੇ ਧਿਆਨ ਕੇਂਦਰਿਤ ਕਰ ਰਹੀ ਹੈ।

ਇਸ ਸੰਦਰਭ ਵਿੱਚ, ਮਾਈਨਿੰਗ ਵਿਭਾਗ ਦੀ ਟੀਮ ਨੇ ਪਿੰਡ ਮਛਰੌਲਾ ਵਿੱਚ ਛਾਪਾ ਮਾਰਿਆ ਅਤੇ .ਗੈਰ-ਕਾਨੂੰਨੀ ਰੇਤ ਨਾਲ ਭਰੀ ਇੱਕ ਟਰਾਲੀ ਫੜੀ। ਡਰਾਈਵਰ ਮੌਕੇ ਦਾ ਫਾਇਦਾ ਉਠਾਉਂਦਿਆਂ ਟਰੈਕਟਰ ਲੈ ਕੇ ਭੱਜ ਗਿਆ।

ਮੂਰਥਲ ਪੁਲਿਸ ਸਟੇਸ਼ਨ ਦੀ ਪੁਲਿਸ ਨੇ ਟਰਾਲੀ ਨੂੰ ਜ਼ਬਤ ਕਰ ਲਿਆ। ਉਨ੍ਹਾਂ ਕਿਹਾ ਕਿ ਮਾਈਨਿੰਗ ਵਿਭਾਗ ਦੀ ਟੀਮ ਰਾਸ਼ਟਰੀ ਰਾਜਮਾਰਗਾਂ, ਰਾਜ ਮਾਰਗਾਂ ਅਤੇ ਹੋਰ ਪ੍ਰਮੁੱਖ ਮਾਰਗਾਂ ’ਤੇ ਸਰਗਰਮੀ ਨਾਲ ਤਾਇਨਾਤ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਹਰ ਜਗ ?ਹਾ ਗੈਰ-ਕਾਨੂੰਨੀ ਮਾਈਨਿੰਗ ਹੋਣ ਦੀ ਸੰਭਾਵਨਾ ਹੈ। ਉੱਥੇ ਵਿਸ਼ੇਸ਼ ਚੌਕਸੀ ਰੱਖੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਹਰਿਆਣਾ ਸਰਕਾਰ ਗੈਰ-ਕਾਨੂੰਨੀ ਮਾਈਨਿੰਗ ਨੂੰ ਰੋਕਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਵਿਭਾਗੀ ਪੱਧਰ ’ਤੇ ਨਿਰੰਤਰ ਨਿਗਰਾਨੀ ਰੱਖ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਉਦੇਸ਼ ਮਾਈਨਿੰਗ ਗਤੀਵਿਧੀਆਂ ਨੂੰ ਪਾਰਦਰਸ਼ੀ ਬਣਾਉਣਾ ਅਤੇ ਕੁਦਰਤੀ ਸਰੋਤਾਂ ਦੇ ਅਨਿਯਮਿਤ ਸ਼ੋਸ਼ਣ ਨੂੰ ਰੋਕਣਾ ਹੈ। ਹਰਿਆਣਾ ਸਰਕਾਰ ਦ੍ਰਿੜ ਹੈ ਕਿ ਰਾਜ ਵਿੱਚ ਕਿਸੇ ਵੀ ਹਾਲਤ ਵਿੱਚ ਗੈਰ-ਕਾਨੂੰਨੀ ਮਾਈਨਿੰਗ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਜ਼ਿਲ੍ਹੇ ਵਿੱਚ ਹੋ ਰਹੀ ਗੈਰ-ਕਾਨੂੰਨੀ ਮਾਈਨਿੰਗ ਦੀ ਸੂਚਨਾ ਤੁਰੰਤ ਜ਼ਿਲ੍ਹਾ ਮਾਈਨਿੰਗ ਵਿਭਾਗ ਦੇ ਦਫ਼ਤਰ ਅਤੇ ਬਲਾਕ ਪੱਧਰ ’ਤੇ ਸਹਾਇਕ ਮਾਈਨਿੰਗ ਇੰਜੀਨੀਅਰ ਦੇ ਦਫ਼ਤਰ ਨੂੰ ਦੇਣ ਤਾਂ ਜੋ ਗੈਰ-ਕਾਨੂੰਨੀ ਮਾਈਨਿੰਗ ਨੂੰ ਫੜਿਆ ਜਾ ਸਕੇ।

# ਰੁੱਖਾਂ ਦੀ ਘਾਟ ਵਾਤਾਵਰਣ ਵਿੱਚ ਅਸੰਤੁਲਨ ਪੈਦਾ ਕਰਦੀ ਹੈ: ਤਲਵਾੜ

## ਗ੍ਰਾਮ ਪੰਚਾਇਤ ਬਸੀ ਗੁਲਾਮ ਹੁਸੈਨ ਨੇ 5000 ਰੁੱਖ ਲਗਾਉਣ ਦਾ ਪ੍ਰਣ ਲਿਆ

**ਹੁਸ਼ਿਆਰਪੁਰ /ਤਰਸੇਮ ਦੀਵਾਨਾ**

ਸਾਡੇ ਧਾਰਮਿਕ ਗੁਰੂਆਂ ਅਤੇ ਧਾਰਮਿਕ ਗ੍ਰੰਥਾਂ ਨੇ ਸਾਨੂੰ ਕੁਦਰਤ ਵੱਲੋਂ ਦਿੱਤੀਆਂ ਗਈਆਂ ਅਨਮੋਲ ਚੀਜ਼ਾਂ ਜਿਵੇਂ ਕਿ ਪਾਣੀ, ਜਲਵਾਯੂ, ਜ਼ਮੀਨ ਅਤੇ ਰੁੱਖਾਂ ਦੀ ਹਮੇਸ਼ਾ ਰੱਖਿਆ ਕਰਨ ਦੀ ਸਿੱਖਿਆ ਦਿੱਤੀ ਹੈ, ਪਰ ਮਨੁੱਖ ਨੇ ਆਪਣੇ ਭੌਤਿਕ ਲਾਭਾਂ ਲਈ ਸਮੇਂ-ਸਮੇਂ ’ਤੇ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਨੁਕਸਾਨ ਪਹੁੰਚਾਇਆ ਹੈ, ਜਿਸ ਕਾਰਨ ਅੱਜ ਵਾਤਾਵਰਣ ਅਸੰਤੁਲਿਤ ਹੋ ਗਿਆ ਹੈ ਅਤੇ ਮਨੁੱਖੀ ਜੀਵਨ ਲਈ ਖ਼ਤਰਾ ਬਣ ਗਿਆ ਹੈ।

ਉਪਰੋਕਤ ਸ਼ਬਦ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਉੱਪ ਪ੍ਰਧਾਨ ਸੰਜੀਵ ਤਲਵਾੜ ਨੇ ਸਵਾਮੀ ਬਸੰਤ ਗਿਰੀ ਮਹਾਰਾਜ ਦੀ ਬਰਸੀ ’ਤੇ ਗ੍ਰਾਮ ਪੰਚਾਇਤ ਬਸੀ ਗੁਲਾਮ ਹੁਸੈਨ ਵੱਲੋਂ 5000 ਰੁੱਖ ਲਗਾਉਣ ਦੇ ਸੰਕਲਪ ਦੀ ਸ਼ੁਰੂਆਤ ਕਰਦੇ ਹੋਏ ਕਹੇ।




ਤਲਵਾੜ ਨੇ ਕਿਹਾ ਕਿ ਬਸੀ ਗੁਲਾਮ ਹੁਸੈਨ ਦੀ ਨੌਜਵਾਨ ਪੰਚਾਇਤ ਨੇ ਰਾਜਨੀਤਿਕ ਕੰਮ ਨੂੰ ਪਾਸੇ ਰੱਖ ਕੇ ਸਮਾਜਿਕ ਕੰਮ ਕਰਨ ਦਾ ਜੋ ਕੰਮ ਕੀਤਾ ਹੈ, ਉਹ ਹੋਰ ਲੋਕਾਂ ਨੂੰ ਵੀ ਪ੍ਰੇਰਿਤ ਕਰੇਗਾ। ਉਨ੍ਹਾਂ ਕਿਹਾ ਕਿ ਸੰਪੂਰਨ ਵਿਕਾਸ ਉਦੋਂ ਹੀ ਸੰਭਵ ਹੈ ਜਦੋਂ ਹਰ ਪਹਿਲੂ ’ਤੇ ਕੰਮ ਕੀਤਾ ਜਾਵੇ। ਇਸ ਮੌਕੇ ਸਰਪੰਚ ਸੁਖਜਿੰਦਰ ਸਿੰਘ ਨੇ ਕਿਹਾ ਕਿ ਸਾਰੇ ਨੌਜਵਾਨ ਦੋਸਤਾਂ ਨੇ ਪ੍ਰਣ ਕੀਤਾ ਹੈ ਕਿ ਉਨ੍ਹਾਂ ਦੇ 5 ਸਾਲਾਂ ਦੇ ਕਾਰਜਕਾਲ ਦੌਰਾਨ, ਸੰਜੀਵ ਤਲਵਾੜ ਦੀ ਮਦਦ ਨਾਲ, ਲਗਭਗ 5000 ਆਯੁਰਵੈਦਿਕ ਪੌਦੇ ਲਗਾਏ ਜਾਣਗੇ, ਤਾਂ ਜੋ ਵਾਤਾਵਰਣ ਤੋਂ ਇਲਾਵਾ, ਮਨੁੱਖਾਂ ਲਈ ਦਵਾਈਆਂ ਵੀ ਪ੍ਰਾਪਤ ਕੀਤੀਆਂ ਜਾ ਸਕਣ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ, ਉਹ ਪਿੰਡ ਵਾਸੀਆਂ ਨੂੰ ਵੀ ਇਸ ਕੰਮ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕਰਨਗੇ। ਇਸ ਮੌਕੇ ਬਲਵੀਰ ਸਿੰਘ ਫੌਜੀ, ਪੰਚ ਸੁਰਜੀਤ ਸਿੰਘ, ਪੰਚ ਮਨਜੀਤ ਸਿੰਘ, ਪੰਚ ਪ੍ਰਵੀਨ, ਸੈਣੀ ਦੀਪਕ, ਮਨਜੀਤ ਕੁਮਾਰ, ਜਤਨ ਸੈਣੀ, ਈਸ਼ਾਨ, ਤਨਿਸ਼ਕ, ਰਾਜਵੀਰ ਆਦਿ ਵੀ ਮੌਜੂਦ ਸਨ।

# ਸਿਵਲ ਡਿਫੈਂਸ ਵਲੰਟੀਅਰ ਬਣੋ ਅਤੇ ਆਫ਼ਤ ਪ੍ਰਬੰਧਨ ਵਿੱਚ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਓ-ਡਿਪਟੀ ਕਮਿਸ਼ਨਰ ਡਾ. ਮਨੋਜ ਕੁਮਾਰ

**ਸੋਨੀਪਤ/ਰਜਤ ਕੁਮਾਰ**

ਡਿਪਟੀ ਕਮਿਸ਼ਨਰ ਅਤੇ ਸਿਵਲ ਡਿਫੈਂਸ ਦੇ ਜ਼ਿਲ੍ਹਾ ਕੰਟਰੋਲਰ ਡਾ. ਮਨੋਜ ਕੁਮਾਰ ਨੇ ਜ਼ਿਲ੍ਹਾ ਨਿਵਾਸੀਆਂ ਨੂੰ ਆਫ਼ਤ ਪ੍ਰਬੰਧਨ ਵਿੱਚ ਨਾਗਰਿਕਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਸਿਵਲ ਡਿਫੈਂਸ ਵਲੰਟੀਅਰ ਬਣਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਐਮਰਜੈਂਸੀ ਸਥਿਤੀ ਵਿੱਚ ਰਾਹਤ ਅਤੇ ਬਚਾਅ ਕਾਰਜਾਂ ਵਿੱਚ ਸਿਵਲ ਡਿਫੈਂਸ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ, ਅਤੇ ਸਮਾਜ ਦੇ ਸਾਰੇ ਵਰਗਾਂ ਦੀ ਭਾਗੀਦਾਰੀ ਜ਼ਰੂਰੀ ਹੈ। ਡਾ. ਕੁਮਾਰ ਨੇ ਕਿਹਾ ਕਿ ਨੌਜਵਾਨਾਂ, ਸਾਬਕਾ ਸੈਨਿਕਾਂ, ਸਿਹਤ ਕਰਮਚਾਰੀਆਂ ਅਤੇ ਸਮਾਜਿਕ ਕਾਰਜਾਂ ਵਿੱਚ ਦਿਲਚਸਪੀ ਰੱਖਣ ਵਾਲੇ ਨਾਗਰਿਕਾਂ ਨੂੰ ਸਿਵਲ ਡਿਫੈਂਸ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਦਿਲਚਸਪੀ ਰੱਖਣ ਵਾਲੇ ਵਿਅਕਤੀ ਜ਼ਿਲ੍ਹਾ ਪ੍ਰਸ਼ਾਸਨ ਦੇ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਉਪਲਬਧ ਗੂਗਲ ਫਾਰਮ ਰਾਹੀਂ 03 ਜੂਨ ਤੋਂ 06 ਜੂਨ ਤੱਕ ਔਨਲਾਈਨ ਰਜਿਸਟਰ ਕਰ ਸਕਦੇ ਹਨ। ਰਜਿਸਟ ?ਰੇਸ਼ਨ ਲਈ ਉਪਲਬਧ ਔਨਲਾਈਨ ਲਿੰਕ ਅਤੇ QR ਕੋਡ:- ਡਾ. ਮਨੋਜ ਕੁਮਾਰ ਨੇ ਕਿਹਾ ਕਿ ਸਿਵਲ ਡਿਫੈਂਸ ਵਲੰਟੀਅਰ ਬਣਨਾ ਇੱਕ ਸਨਮਾਨਯੋਗ ਅਤੇ ਜ਼ਿੰਮੇਵਾਰ ਕੰਮ ਹੈ। ਇਹ ਸੇਵਾ ਪੂਰੀ ਤਰ੍ਹਾਂ ਨਿਰਸਵਾਰਥ ਹੈ, ਜਿਸ ਵਿੱਚ ਵਲੰਟੀਅਰ ਸੰਕਟ ਦੇ ਸਮੇਂ ਲੋੜਵੰਦਾਂ ਦੀ ਮਦਦ ਕਰਦੇ ਹਨ। ਉਨ੍ਹਾਂ ਜ਼ਿਲ੍ਹੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਪਵਿੱਤਰ ਕਾਰਜ ਵਿੱਚ ਆਪਣੀ ਸਰਗਰਮ ਭਾਗੀਦਾਰੀ ਨੂੰ ਯਕੀਨੀ ਬਣਾਉਣ। ਇੱਛੁਕ ਨਾਗਰਿਕ ਹੇਠਾਂ ਦਿੱਤੇ ਲਿੰਕ ’ਤੇ ਕਲਿੱਕ ਕਰਕੇ ਜਾਂ QR ਕੋਡ https://forms.gle/XCeAPbmvubQPyEkM6 ਨੂੰ ਸਕੈਨ ਕਰਕੇ ਰਜਿਸਟਰ ਕਰ ਸਕਦੇ ਹਨ।

# ਯੋਗ ਖਪਤਕਾਰ ਬਿਜਲੀ ਬਿੱਲ ਵਿਆਜ ਮੁਆਫੀ ਯੋਜਨਾ-2025 ਦਾ ਲਾਭ ਲੈਣਗੇ - ਅਸ਼ੋਕ ਕੁਮਾਰ ਮੀਣਾ

## ਘਰੇਲੂ ਅਤੇ ਖੇਤੀਬਾੜੀ ਖਪਤਕਾਰਾਂ ਨੂੰ ਪੂਰੀ ਵਿਆਜ ਮੁਆਫੀ ਦੇ ਨਾਲ ਮੂਲ ਧਨ ’ਤੇ 10 ਪ੍ਰਤੀਸ਼ਤ ਦੀ ਛੋਟ ਦਿੱਤੀ ਜਾਵੇਗੀ

**ਸੋਨੀਪਤ/ਰਜਤ ਕੁਮਾਰ**

ਉੱਤਰੀ ਹਰਿਆਣਾ ਬਿਜਲੀ ਵੰਡ ਨਿਗਮ ਦੇ ਪ੍ਰਬੰਧ ਨਿਰਦੇਸ਼ਕ ਅਸ਼ੋਕ ਕੁਮਾਰ ਮੀਣਾ ਨੇ ਕਿਹਾ ਕਿ ਹਰਿਆਣਾ ਸਰਕਾਰ ਨੇ ਬਿਜਲੀ ਖਪਤਕਾਰਾਂ ਲਈ ਸਰਚਾਰਜ ਮੁਆਫੀ ਯੋਜਨਾ 2025 ਦਾ ਐਲਾਨ ਕੀਤਾ ਹੈ। ਇਹ ਯੋਜਨਾ 11 ਨਵੰਬਰ, 2025 ਤੱਕ ਵੈਧ ਰਹੇਗੀ। ਇਸ ਯੋਜਨਾ ਦੇ ਤਹਿਤ, ਬਿਜਲੀ ਖਪਤਕਾਰਾਂ ਨੂੰ 31 ਅਗਸਤ, 2024 ਤੱਕ ਬਕਾਇਆ ਬਿਜਲੀ ਬਿੱਲਾਂ ਲਈ ਸਰਚਾਰਜ ਮੁਆਫ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਯੋਗ ਬਿਜਲੀ ਖਪਤਕਾਰਾਂ ਨੂੰ ਜਲਦੀ ਹੀ ਇਸ ਵਿਆਜ ਮੁਆਫ਼ੀ ਯੋਜਨਾ ਦਾ ਲਾਭ ਉਠਾਉਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਦੇ ਤਹਿਤ, ਪੇਂਡੂ ਅਤੇ ਸ਼ਹਿਰੀ ਦੋਵਾਂ ਖੇਤਰਾਂ ਵਿੱਚ ਸਥਿਤ ਸਾਰੀਆਂ ਨਿੱਜੀ ਖਪਤਕਾਰ ਸ਼੍ਰੇਣੀਆਂ, ਖੇਤੀਬਾੜੀ ਸ਼੍ਰੇਣੀ, ਸਰਕਾਰੀ, ਨਗਰਪਾਲਿਕਾ, ਗ੍ਰਾਮ ਪੰਚਾਇਤ, ਰਾਜ ਸਰਕਾਰ ਅਤੇ ਹੋਰ ਜਨਤਕ ਸੇਵਾ ਉਪਯੋਗਤਾਵਾਂ, ਉਦਯੋਗਿਕ ਅਤੇ ਹੋਰ ਸ਼੍ਰੇਣੀਆਂ ਦੇ ਜੁੜੇ ਅਤੇ ਡਿਸਕਨੈਕਟ ਕੀਤੇ ਖਪਤਕਾਰਾਂ ਨੂੰ ਲਾਭ ਮਿਲੇਗਾ। ਇਹ ਯੋਜਨਾ ਉਨ੍ਹਾਂ ਖਪਤਕਾਰਾਂ ਲਈ ਵੈਧ ਹੈ ਜੋ 31 ਅਗਸਤ, 2024 ਤੱਕ ਬਿਜਲੀ ਨਿਗਮ ਦੇ ਡਿਫਾਲਟਰ ਸਨ ਅਤੇ ਅਜੇ ਵੀ ਡਿਫਾਲਟਰ ਹਨ। ਪ੍ਰਬੰਧ ਨਿਰਦੇਸ਼ਕ ਨੇ ਦੱਸਿਆ ਕਿ ਜੇਕਰ ਇੱਕਮੁਸ਼ਤ ਭੁਗਤਾਨ ਕੀਤਾ ਜਾਂਦਾ ਹੈ, ਤਾਂ ਸਾਰੇ ਯੋਗ ਘਰੇਲੂ ਅਤੇ ਖੇਤੀਬਾੜੀ ਖਪਤਕਾਰਾਂ ਨੂੰ ਮੂਲ ਰਕਮ ’ਤੇ 10 ਪ੍ਰਤੀਸ਼ਤ ਛੋਟ ਦਿੱਤੀ ਜਾਵੇਗੀ ਅਤੇ ਪੂਰਾ ਵਿਆਜ ਮੁਆਫ਼ ਕਰ ਦਿੱਤਾ ਜਾਵੇਗਾ। ਇਸ ਯੋਜਨਾ ਦੇ ਤਹਿਤ, ਖਪਤਕਾਰਾਂ ਦੀਆਂ ਸਾਰੀਆਂ ਸ਼੍ਰੇਣੀਆਂ ਲਈ ਯੋਜਨਾ ਦੇ ਨੋਟੀਫਿਕੇਸ਼ਨ ਦੀ ਮਿਤੀ ਤੱਕ ਕੁੱਲ ਲੇਟ ਪੇਮੈਂਟ ਸਰਚਾਰਜ ਰੋਕਿਆ ਜਾਵੇਗਾ। ਉਨ੍ਹਾਂ ਕਿਹਾ ਕਿ ਘਰੇਲੂ ਖਪਤਕਾਰ ਜੋ ਇਸ ਯੋਜਨਾ ਵਿੱਚ ਹਿੱਸਾ ਲੈਣ ਦਾ ਫੈਸਲਾ ਕਰਦੇ ਹਨ, ਉਨ੍ਹਾਂ ਕੋਲ ਨੋਟੀਫਿਕੇਸ਼ਨ ਦੀ ਮਿਤੀ ਤੱਕ ਬਕਾਇਆ ਮੂਲ ਰਕਮ ਇੱਕਮੁਸ਼ਤ ਜਾਂ 8 ਮਾਸਿਕ ਜਾਂ 4 ਦੋ-ਮਾਸਿਕ ਕਿਸ਼ਤਾਂ ਵਿੱਚ ਅਦਾ ਕਰਨ ਦਾ ਵਿਕਲਪ ਹੋਵੇਗਾ। ਬਕਾਇਆ ਵਿਆਜ ਰਕਮ 8 ਮੌਜੂਦਾ ਮਾਸਿਕ ਜਾਂ 4 ਦੋ-ਮਾਸਿਕ ਬਿੱਲਾਂ ਦੀ ਨਿਯਮਤ ਅਦਾਇਗੀ ਦੇ ਨਾਲ ਕਿਸ਼ਤਾਂ ਵਿੱਚ ਮਾਫ਼ ਕੀਤੀ ਜਾਵੇਗੀ। ਖੇਤੀਬਾੜੀ ਸ਼੍ਰੇਣੀ ਦੇ ਖਪਤਕਾਰਾਂ ਕੋਲ ਬਕਾਇਆ ਮੂਲ ਰਕਮ ਇੱਕਮੁਸ਼ਤ ਜਾਂ 3 ਬਿਲਿੰਗ ਚੱਕਰਾਂ ਵਿੱਚ ਅਦਾ ਕਰਨ ਦਾ ਵਿਕਲਪ ਹੋਵੇਗਾ। ਖੇਤੀਬਾੜੀ ਖਪਤਕਾਰਾਂ ਦਾ ਬਿਲਿੰਗ ਚੱਕਰ 4 ਮਹੀਨਿਆਂ ਵਿੱਚ ਇੱਕ ਵਾਰ ਹੁੰਦਾ ਹੈ। ਬਕਾਇਆ ਸਰਚਾਰਜ ਰਕਮ 3 ਮੌਜੂਦਾ ਬਿੱਲਾਂ ਦੀ ਨਿਯਮਤ ਅਦਾਇਗੀ ਦੇ ਨਾਲ ਕਿਸ਼ਤਾਂ ਵਿੱਚ ਮੁਆਫ਼ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਸਰਕਾਰੀ, ਨਗਰਪਾਲਿਕਾ, ਗ੍ਰਾਮ ਪੰਚਾਇਤ, ਰਾਜ ਸਰਕਾਰ ਅਤੇ ਹੋਰ ਜਨਤਕ ਸੇਵਾ ਉਪਯੋਗਤਾ ਕੁਨੈਕਸ਼ਨਾਂ ਵਾਲੇ ਖਪਤਕਾਰ ਜੋ ਇਸ ਯੋਜਨਾ ਵਿੱਚ ਹਿੱਸਾ ਲੈਣ ਦਾ ਫੈਸਲਾ ਕਰਦੇ ਹਨ, ਉਨ੍ਹਾਂ ਕੋਲ ਨੋਟੀਫਿਕੇਸ਼ਨ ਦੀ ਮਿਤੀ ਤੱਕ ਬਕਾਇਆ ਮੂਲ ਰਕਮ ਦਾ ਇੱਕਮੁਸ਼ਤ ਭੁਗਤਾਨ ਕਰਨ ਦਾ ਵਿਕਲਪ ਹੋਵੇਗਾ ਅਤੇ ਵਿਆਜ ਮੁਆਫ਼ ਕਰ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਉਦਯੋਗਿਕ ਅਤੇ ਹੋਰ ਸ਼੍ਰੇਣੀਆਂ ਦੇ ਖਪਤਕਾਰਾਂ ਨੂੰ ਕੁੱਲ ਮੂਲ ਰਕਮ ਦੇ ਨਾਲ 50 ਪ੍ਰਤੀਸ਼ਤ ਸਰਚਾਰਜ ਰਕਮ ਦੀ ਇੱਕਮੁਸ਼ਤ ਅਦਾਇਗੀ ’ਤੇ ਬਾਕੀ 50 ਪ੍ਰਤੀਸ਼ਤ ਸਰਚਾਰਜ ਰਕਮ ਮੁਆਫ਼ ਕਰ ਦਿੱਤੀ ਜਾਵੇਗੀ। ਜੇਕਰ ਖਪਤਕਾਰ 6 ਮੌਜੂਦਾ ਬਿੱਲਾਂ ਦੀ ਅਦਾਇਗੀ ਵਿੱਚ ਡਿਫਾਲਟ ਹੁੰਦਾ ਹੈ, ਤਾਂ ਪੂਰੀ ਸਰਚਾਰਜ ਰਕਮ ਵਸੂਲ ਕੀਤੀ ਜਾਵੇਗੀ। ਡਿਫਾਲਟ ਖਪਤਕਾਰ ਦਿੱਤੇ ਗਏ ਕਿਸ਼ਤਾਂ ਵਿੱਚ ਬਕਾਇਆ ਰਕਮ ਦਾ ਭੁਗਤਾਨ ਕਰ ਸਕਦੇ ਹਨ। ਕਿਸੇ ਵੀ ਖੁੰਝੀ ਹੋਈ ਕਿਸ਼ਤ ਦੇ ਮਾਮਲੇ ਵਿੱਚ, ਬਕਾਇਆ ਰਕਮ ਮੌਜੂਦਾ ਕਿਸ਼ਤਾਂ ਦੇ ਨਾਲ ਆਖਰੀ ਕਿਸ਼ਤ ਤੱਕ ਅਦਾ ਕਰਨੀ ਪਵੇਗੀ ਨਹੀਂ ਤਾਂ ਸਾਰਾ ਵਿਆਜ ਵਾਪਸ ਲੈ ਲਿਆ ਜਾਵੇਗਾ ਅਤੇ ਖਪਤਕਾਰ ਨੂੰ ਯੋਜਨਾ ਤੋਂ ਬਾਹਰ ਮੰਨਿਆ ਜਾਵੇਗਾ।

ਡਿਸਕਨੈਕਟ ਕੀਤੇ ਖਪਤਕਾਰਾਂ ਦੇ ਮਾਮਲੇ ਵਿੱਚ, ਲਾਗੂ ਰੀਕਨੈਕਸ਼ਨ ਆਰਡਰ ਫੀਸ ਵਸੂਲਣ ਤੋਂ ਬਾਅਦ, ਇੱਕਮੁਸ਼ਤ ਭੁਗਤਾਨ ਜਾਂ ਅਸਲ ਰਕਮ ਦੀ ਪਹਿਲੀ ਕਿਸ਼ਤ ਦੇ ਭੁਗਤਾਨ ’ਤੇ ਰੀਕਨੈਕਸ਼ਨ ਕੀਤਾ ਜਾਵੇਗਾ। ਬਸ਼ਰਤੇ ਕਿ ਖੇਤੀਬਾੜੀ ਸ਼੍ਰੇਣੀ ਨੂੰ ਛੱਡ ਕੇ ਸਾਰੀਆਂ ਸ਼੍ਰੇਣੀਆਂ ਲਈ ਛੇ ਮਹੀਨਿਆਂ ਦੇ ਅੰਦਰ ਕੁਨੈਕਸ਼ਨ ਕੱਟ ਦਿੱਤਾ ਗਿਆ ਹੋਵੇ (ਖੇਤੀਬਾੜੀ ਸ਼੍ਰੇਣੀ ਵਿੱਚ ਕੁਨੈਕਸ਼ਨ ਦੋ ਸਾਲ ਤੋਂ ਵੱਧ ਪੁਰਾਣਾ ਨਹੀਂ ਕੱਟਿਆ ਜਾ ਸਕਦਾ)। ਛੇ ਮਹੀਨੇ ਜਾਂ ਦੋ ਸਾਲ ਤੋਂ ਵੱਧ ਪੁਰਾਣੇ ਕੁਨੈਕਸ਼ਨ ਦੇ ਮਾਮਲੇ ਵਿੱਚ (ਜਿਵੇਂ ਕਿ ਮਾਮਲਾ ਹੋਵੇ), ਬਿਨੈਕਾਰ ਨੂੰ ਇੱਕ ਨਵਾਂ ਖਪਤਕਾਰ ਮੰਨਿਆ ਜਾਵੇਗਾ। ਮੁਕੱਦਮੇ ਵਾਪਸ ਲੈਣ ਵਾਲੇ ਖਪਤਕਾਰ ਵੀ ਲਾਭ ਪ੍ਰਾਪਤ ਕਰ ਸਕਦੇ ਹਨ:- ਪ੍ਰਬੰਧ ਨਿਰਦੇਸ਼ਕ ਨੇ ਕਿਹਾ ਕਿ ਬਿਜਲੀ ਨਿਗਮ ਦੇ ਨਿਰਦੇਸ਼ਾਂ ਅਨੁਸਾਰ ਗਲਤ ਬਿਲਿੰਗ ਦੇ ਮਾਮਲਿਆਂ ਨੂੰ ਠੀਕ ਕੀਤਾ ਜਾਣਾ ਚਾਹੀਦਾ ਹੈ। ਜਿਨ੍ਹਾਂ ਖਪਤਕਾਰਾਂ ਦੇ ਮਾਮਲੇ ਇਸ ਸਮੇਂ ਬਿਲਿੰਗ ਵਿਵਾਦਾਂ ਕਾਰਨ ਨਿਆਂਇਕ ਫੋਰਮ ਵਿੱਚ ਹਨ, ਉਹ ਕੇਸ ਵਾਪਸ ਲੈ ਕੇ ਇਸ ਯੋਜਨਾ ਦਾ ਲਾਭ ਲੈ ਸਕਦੇ ਹਨ। ਕੇਸ ਵਾਪਸ ਲੈਣ ਵਾਲਾ ਖਪਤਕਾਰ ਇਸ ਯੋਜਨਾ ਦਾ ਲਾਭ ਲੈਣ ਦੇ ਯੋਗ ਹੋਵੇਗਾ। ਬਕਾਇਆ ਖਪਤਕਾਰਾਂ ਦੀਆਂ ਸਾਰੀਆਂ ਸ਼੍ਰੇਣੀਆਂ ਸਮੇਂ ਤੋਂ ਪਹਿਲਾਂ ਇਸ ਯੋਜਨਾ ਦਾ ਲਾਭ ਲੈ ਸਕਦੀਆਂ ਹਨ।

# ਰਿਸ਼ਤਿਆਂ ਦਾ ਨਿੱਘ,ਤੁਹਾਡੀ ਉਮਰ ਦਰਾਜ਼ ਕਰਦੈ

ਰਿਸ਼ਤੇ ਲੱਖਾਂ ਕਰੋੜਾਂ ਦੀ ਕੀਮਤ ਦੇ ਹੁੰਦੇ ਹਨ ਅਤੇ ਇਨਾਂ ਦਾ ਮੁੱਲ ਇਨਾਂ ਦੇ ਖੁੱਸ ਜਾਣ ਮਗਰੋਂ ਪਤਾ ਲੱਗਦਾ ਹੈ।ਅੱਜ ਸਾਡਾ ਸਮਾਜ ਰਿਸ਼ਤਿਆਂ ਨੂੰ ਲੈ ਕੇ ਖੇਰੂੰ ਖੇਰੂੰ ਹੋਇਆ ਪਿਆ ਹੈ।ਜਿਸ ਦੀ ਮੁੱਖ ਵਜ ?ਹਾ ਮਨੁੱਖ ਦੀ ਹਉਮੈ ਤੇ ਪੈਸੇ ਦੀ ਦੌੜ ਹੈ। ਪੁਰਾਣੇ ਸਮਿਆਂ ਚ ਅਜਿਹਾ ਨਹੀਂ ਸੀ।ਉਦੋਂ ਹਰ ਰਿਸ਼ਤੇ ਦੀ ਆਪਣੀ ਅਹਿਮੀਅਤ ਹੁੰਦੀ ਸੀ ।ਫਿਰ ਉਹ ਰਿਸ਼ਤਾ ਮਾ ਪਿਉ ਦਾ ਹੋਵੇ ਜਾਂ ਭੈਣ ਭਰਾ ਦਾ,ਚਾਚੇ ਤਾਹੇ ਦਾ ਹੋਵੇ ਜਾਂ ਭੂਆ ਫੁੱਫੜ ਦਾ,ਜੀਜਾ ਸਾਲ ?ੀ ਦਾ ਹੋਵੇ ਜਾਂ ਦਿਓਰ ਭਰਜਾਈ ਦਾ ਅਤੇ ਜਾਂ ਫਿਰ ਮਾਮਾ ਮਾਮੀ ਤੇ ਪਤੀ ਪਤਨੀ ਦਾ ਹੋਵੇ ।ਹਰ ਰਿਸ਼ਤਾ ਬਾਖੂਬੀ ਨਿਭਾਇਆ ਜਾਂਦਾ ਸੀ। ਜੇ ਕਦੇ ਕਿਸੇ ਰਿਸ਼ਤੇ ਚ ਮਾੜੀ ਮੋਟੀ ਫਿੱਕ ਜਾਂ ਦਰਾੜ ਪੈਂਦੀ ਤਾ ਬਾਕੀ ਰਿਸ਼ਤੇਦਾਰ ਰਲ ਕੇ ਉਸ ਦਰਾੜ ਨੂੰ ਭਰ ਦਿੰਦੇ ਸਨ ।ਭਾਵ ਰਿਸ਼ਤੇ ਚ ਆਏ ਮਨ ਮੁਟਾਵ ਨੂੰ ਦੂਰ ਕਰ ਲਿਆ ਜਾਂਦਾ। ਜਿਸ ਨਾਲ ਉਹ ਰਿਸ਼ਤਾ ਟੁੱਟਣੋ ਬਚ ਜਾਂਦਾ ।ਇਸ ਤੋ ਇਲਾਵਾ ਜੇ ਕਰ ਕਿਸੇ ਕਾਰਨ ਰਿਸ਼ਤੇਦਾਰੀ ਚ ਪਈ ਫਿੱਕ ਛੇਤੀ ਨਾ ਮਿਟਦੀ ਤਾਂ ਜਦੋ ਕਿਸੇ ਰਿਸ਼ਤੇਦਾਰ ਦੇ ਕੋਈ ਵਿਆਹਾਂ ਸ਼ਾਦੀ ਜਾਂ ਕੋਈ ਹੋਰ ਸਮਾਗਮ ਹੋਣਾ ਤਾਂ ਸਾਰੇ ਰਿਸ਼ਤੇਦਾਰ ਮਿਲ ਕੇ ਰੁੱਸੇ ਹੋਏ ਰਿਸ਼ਤੇਦਾਰ ਨੂੰ ਮਨਾ ਲੈਂਦੇ ।ਜਿਸ ਨਾਲ ਉਹ ਰਿਸ਼ਤਾ ਟੁੱਟਣੋ ਬਚ ਜਾਂਦਾ। ਉਨ੍ਹਾਂ ਸਮਿਆਂ ਚ ਲੋਕਾਂ ਚ ਮੋਹ ਮੁਹੱਬਤ ਹੁੰਦਾ ਸੀ ।ਜੋ ਰਿਸ਼ਤਿਆਂ ਨੂੰ ਪੀਡਾ ਬਣਾਈ ਰੱਖਦਾ ।

ਪਰ ਅੱਜ ਕੱਲ ਅਜਿਹਾ ਨਹੀਂ ਹੈ ।ਅਜੋਕੇ ਕਮਰਸ਼ੀਅਲ ਯੁੱਗ ਚ ਬਹੁਤੇ ਰਿਸ਼ਤਿਆਂ ਚ ਐਨੀਆ ਦਰਾੜਾਂ ਹਨ ਕੇ ਪੁੱਛੋ ਕੁਛ ਨਾ ।ਜਿਸ ਤੋ ਮਰਜ਼ੀ ਪੁੱਛ ਲਵੋ ! ਕੋਈ ਆਪਣੇ ਰਿਸ਼ਤੇਦਾਰਾਂ ਦਾ ਨਾ ਲੈਣ ਨੂੰ ਤਿਆਰ ਨਹੀਂ ।ਬਹੁਤ ਘੱਟ ਲੋਕ ਹਨ ਜਿਨ੍ਹਾਂ ਦੀਆਂ ਰਿਸ਼ਤੇਦਾਰੀਆਂ ਬਚੀਆਂ ਹੋਈਆਂ ਹਨ ।ਵਰਨਾ ਨਾ ਚਾਚੇ ਨਾ ਤਾਏ ਨਾ ਭੈਣ ਨਾ ਭਰਾ ਤੇ ਨਾ ਹੀ ਕੋਈ ਹੋਰ ਰਿਸ਼ਤੇਦਾਰੀ ਸਹੀ ਢੰਗ ਨਾਲ ਨਿਭਦੀ ਵਿਖਾਈ ਦਿੰਦੀ ਹੈ। ਮਿਲਵਰਤਣ ਦੀ ਤਾ ਗੱਲ ਹੀ ਛੱਡੋ। ਕੋਈ ਕਿਸੇ ਨੂੰ ਚੱਜ ਨਾਲ ਬੁਲਾ ਕੇ ਰਾਜ਼ੀ ਨਹੀਂ। ਇਸੇ ਕਰਕੇ ਮੋਹ ਮੁਹੱਬਤ ਦੀਆਂ ਤੰਦਾਂ ਐਨੀਆ ਮੋਕਲੀਆਂ ਹੋ ਚੁੱਕੀਆਂ ਹਨ ਕੇ ਲੋਕ ਆਪਣੇ ਰਿਸ਼ਤੇਦਾਰ ਨੂੰ ਤਰਜੀਹ ਦੇਣ ਦੀ ਬਜਾਏ ਯਾਰ ਦੋਸਤ ਨੂੰ ਤਰਜੀਹ ਦਿੰਦੇ ਹਨ ।ਜੋ ਕਿਰਦੇ ਰਿਸ਼ਤਿਆਂ ਦੀ ਦਾਸਤਾਨ ਹੈ ।ਇਹ ਵੇਖ ਕਿ ਇੰਝ ਜਾਪਦਾ ਹੈ ਜਿਵੇਂ ਰਿਸ਼ਤੇ ਸ਼ਬਦ ਦਾ ਅਰਥ ਹੀ ਬਦਲ ਗਿਆ ਹੋਵੇ ।ਰਿਸ਼ਤਿਆਂ ਦਾ ਸਵਰੂਪ ਬਦਲਣ ਦੇ ਸਿੱਟੇ ਵਜੋਂ ਕਈ ਅਜਿਹੇ ਨਵੇਂ ਰਿਸ਼ਤਿਆਂ ਨੇ ਜਨਮ ਲੈ ਲਿਆ ਹੈ ।ਜਿੰਨਾ ਨੇ ਪੁਰਾਣੇ ਰਿਸ਼ਤਿਆਂ ਨੂੰ ਹੜੱਪ ਲਿਆ ਹੈ। ਅਸਲ ਚ ਰਿਸ਼ਤਿਆਂ ਦੇ ਟੁੱਟਣ ਪਿੱਛੇ ਸਭ ਤੋ ਵੱਡਾ ਕਾਰਨ ਪੈਸੇ ਦੀ ਦੌੜ ਹੈ ।ਜਿਸ ਨੇ ਰਿਸ਼ਤਿਆਂ ਦਾ ਤਵਾਜ਼ਨ ਵਿਗਾੜ ਦਿੱਤਾ ਹੈ ।ਬਹੁਤੇ ਰਿਸ਼ਤਿਆਂ ਨੂੰ ਹੁਣ ਇਕ ਨਾਂਅ ਨਾਲ ਹੀ ਬੁਲਾਇਆ ਜਾਣ ਲੱਗਾ ਹੈ ਤੇ ਉਹ ਸ਼ਬਦ ਹੈ ਆਂਟੀ ਅੰਕਲ। ਕੋਈ ਚਾਚਾ ਨਹੀਂ, ਕੋਈ ਤਾਇਆ ਨਹੀਂ ਤੇ ਨਾ ਹੀ ਕੋਈ ਮਾਮਾ ਮੰਮੀ,ਮਾਸੀ ਮਾਸੜ ਜਾ ਭੂਆ ਫੁੱਫੜ ਹੈ। ਅੰਕਲ ਆਂਟੀ ਸ਼ਬਦ ਨੇ ਅਸਲੀ ਰਿਸ਼ਤਿਆਂ ਦੀ ਮਿਠਾਸ ਨੂੰ ਫਿੱਕਾ ਪਾ ਦਿੱਤਾ ਹੈ ।ਰਿਸ਼ਤਿਆਂ ਵਿਚਲਾ ਫਰਕ ਮੁੱਕ ਗਿਆ ਹੈ। ਪਹਿਲੋਂ ਪਤਾ ਹੁੰਦਾ ਸੀ ਕਿ ਇਹ ਚਾਚਾ ਹੈ,ਇਹ ਤਾਇਆ ਹੈ ਤੇ ਇਹ ਮਾਮਾ ਹੈ ।ਪਰੰਤੂ ਅੱਜ ਅੰਕਲ ਆਂਟੀ ਕਹਿ ਕੇ ਸਭ ਰਿਸ਼ਤਿਆਂ ਦਾ ਰਲਗੱਡ ਕਰ ਦਿੱਤਾ ਗਿਆ ਹੈ। ਕਿਉਂਕੀ ਬੇਸ਼ੱਕ ਅੰਕਲ ਆਂਟੀ ਸ਼ਬਦ ਹੋਰਨਾਂ ਅੰਗਰੇਜ਼ੀ ਸ਼ਬਦਾਂ ਵਾਂਗ ਪੰਜਾਬੀ ਭਾਸ਼ਾ ਚ ਫਿੱਟ ਹੋ ਗਿਆ ਹੈ ।ਪਰ ਲੱਗਦਾ ਇਹ ਬਣਾਵਟੀ ਹੀ ਹੈ। ਸ਼ੁਰੂ ਸ਼ੁਰੂ ਚ ਅੰਕਲ ਆਂਟੀ ਸ਼ਬਦ ਅਣਜਾਣ ਬੰਦੇ ਜਾਂ ਅਣਜਾਣ ਜਨਾਨੀ ਲਈ ਵਰਤੋਂ ਚ ਲਿਆਦਾ ਜਾਂਦਾ ਸੀ ।ਪਰ ਅੱਜ ਇਸ ਨੇ ਪੱਕੇ ਰਿਸ਼ਤਿਆਂ ਦੀ ਜਗ ?ਹਾ ਲੈ ਲਈ ਹੈ ।ਇਸੇ ਸਦਕਾ ਅੱਜ ਸਭ ਨੂੰ ਅੰਕਲ ਆਂਟੀ ਕਰਕੇ ਸੰਬੋਧਨ ਕੀਤਾ ਜਾਂਦਾ ਹੈ ।ਜੋ ਸਹੀ ਨਹੀਂ ਕਿਹਾ ਜਾ ਸਕਦਾ।

ਜਦੋਂ ਕੇ ਪੁਰਾਣੇ ਸਮਿਆ ਚ ਸਮਾਗਮਾਂ ਦੌਰਾਨ ਰਿਸ਼ਤਿਆਂ ਦੀ ਅਹਿਮੀਅਤ ਖੁੱਲ੍ਹ ਕੇ ਵੇਖਣ ਨੂੰ ਮਿਲਦੀ ਸੀ ।ਵਿਆਹਾਂ ਚ ਮੁੰਡੇ ਜਾਂ ਕੁੜੀ ਨੂੰ ਖਾਰੇ ਤੋ ਉਤਾਰਨ ਦੀ ਰਸਮ ਕੇਵਲ ਮਾਮਾ ਅਦਾ ਕਰਦਾ ਸੀ ।ਦਿਓਰ ਦੀਆਂ ਅੱਖਾਂ ਚ ਸੁਰਮਾ ਪਾਉਣ ਦੀ ਰਸਮ ਭਾਬੀ ਨਿਭਾਉਂਦੀ ਸੀ ।ਵਿਆਹੇ ਚ ਮੁੰਡੇ ਦੇ ਸਿਰ ਤੋ ਪਾਣੀ ਵਾਰਨ ਦੀ ਰਸਮ ਮਾਂ ਕਰਦੀ ਸੀ ।ਰੀਬਨ ਕੱਟਣ ਤੇ ਜੁੱਤੀ ਚੁੱਕੇ ਜਾਣ ਦੀ ਰਸਮ ਸਾਲੀਆਂ ਨਿਭਾਉਂਦੀਆਂ ਸਨ ।ਇਹ ਸੀ ਰਿਸ਼ਤਿਆਂ ਦੀ ਅਹਿਮੀਅਤ ।

ਪਰ ਅੱਜਕਲ ਜੇ ਕੋਈ ਰਿਸ਼ਤੇਦਾਰ ਸਮਾਗਮ ਚ ਗੁੱਸੇ ਗਿਲ੍ਹੇ ਹੋਣ ਦੀ ਵਜ ?ਹਾ ਕਰਕੇ ਸ਼ਿਰਕਤ ਨਹੀਂ ਕਰਦਾ ਤਾ ਝੱਟ ਅੰਕਲ ਆਂਟੀ ਕੰਮ ਸਾਰ ਦਿੰਦੇ ਨੇ ।ਪਰ ਪੁਰਾਣੇ ਵਕਤਾਂ ਚ ਅਜਿਹਾ ਨਹੀਂ ਹੁੰਦਾ ਸੀ ।ਜਿੰਨਾ ਸਮਾ ਕੋਈ ਰਿਸ਼ਤੇਦਾਰ ਸਮਾਗਮ ਚ ਨਾ ਪਹੁੰਚਦਾ ਉਨ੍ਹਾਂ ਸਮਾਂ ਉਹ ਰਸਮ ਪੂਰੀ ਨਹੀਂ ਕੀਤੀ ਜਾਂਦੀ ਸੀ ।ਰੁੱਸਣਾ ਰੁਸਾਨਾ ਅੱਜ ਕੱਲ ਤੋ ਕਿਤੇ ਜਿਆਦਾ ਸੀ ।ਪਰ ਰਿਸ਼ਤਿਆਂ ਚ ਮੋਹ ਮੁਹੱਬਤ ਏਨਾ ਜਿਆਦਾ ਹੁੰਦਾ ਸੀ ਕੇ ਰੁੱਸੇ ਹੋਏ ਬੰਦੇ ਨੂੰ ਮਨਾਉਣ ਲਈ ਸਾਰੇ ਰਿਸ਼ਤੇਦਸਰ ਰਲ ਕਿ ਉਸਦੇ ਘਰ ਜਾ ਵੜਦੇ ਤੇ ਉਸਨੂੰ ਮਨਾ ਲੈਂਦੇ ।ਪਰ ਹੁਣ ਜੇ ਕੋਈ ਰਿਸ਼ਦੇਦਾਰ ਰੁੱਸ ਜਾਵੇ ਤਾਂ ਉਸ ਨੂੰ ਮਨਾਉਣ ਕੋਈ ਨਹੀਂ ਜਾਂਦਾ ।ਸਗੋ ਆਖ ਦਿੰਦੇ ਨੇ,ਉਸ ਬਿਨ ਕਿਹੜਾ ਸਰਦਾ ਨਹੀਂ ।ਰਹਿਣ ਦੋ ਉਸ ਨੂੰ ? ਇਹੀ ਵਜ ?ਹਾ ਹੈ ਕੇ ਰਿਸ਼ਤੇ ਕਿਰ ਰਹੇ ਹਨ। ਮੋਹ ਮੁਹੱਬਤ ਖ਼ਤਮ ਹੁੰਦਾ ਜਾ ਰਿਹਾ ਹੈ ।ਅਸਲ ਚ ਰਿਸ਼ਤਿਆਂ ਦੀ ਥਾਂ ਪੈਸੇ ਨੇ ਲੈ ਲਈ ਹੈ ।ਬੰਦਾ ਹਰ ਗੱਲ ਦੀ ਪੂਰਤੀ ਪੈਸੇ ਨਾਲ ਕਰਨ ਦਾ ਆਦੀ ਹੋ ਗਿਆ ਹੈ। ਇਹੀ ਕਾਰਨ ਹੈ ਕੇ ਹਰ ਵਿਅਕਤੀ ਟੈਂਸ਼ਨ ਚ ਨਜ਼ਰ ਆਉਂਦਾ ਹੈ ।ਜਦ ਕੇ ਪਹਿਲਾਂ ਇਕ ਦੂਜੇ ਨਾਲ ਮਿਲ ਕੇ ਗਿਲੇ ਸ਼ਿਕਵੇ ਰਲ ਮਿਲ ਮਿਟਾ ਲਏ ਜਾਂਦੇ ਸਨ ।ਦੁੱਖ ਸੁਖ ਸਾਂਝਾ ਕਰਕੇ ਰਲ ਮਿਲ ਵੰਡਾਇਆ ਲਿਆ ਜਾਂਦਾ ਸੀ ।ਜਿਸ ਨਾਲ ਮਨ ਹਲਕਾ ਹੋ ਜਾਂਦਾ ਤੇ ਕੋਈ ਟੈਂਸ਼ਨ ਨਾ ਹੁੰਦੀ। ਕਿਉਂਕਿ ਪਤਾ ਹੁੰਦਾ ਸੀ ਕੇ ਕੋਈ ਮੁਸੀਬਤ ਜਾ ਭੀੜ ਪਈ ਤਾ ਮਿਲ ਕੇ ਉਸਦਾ ਹੱਲ ਕੱਢ ਲਿਆ ਜਾਵੇਗਾ ।ਪ੍ਰੰਤੂ ਅੱਜ ਰਿਸ਼ਤਿਆਂ ਦੇ ਕਿਰਨ (ਟੁੱਟਣ)ਕਰਕੇ ਸਮਾਜਕ ਤਾਣਾ ਬਾਣਾ ਉਲਝਦਾ ਜਾ ਰਿਹਾ ਹੈ ।ਸੋ ਲੋੜ ਹੈ ! ਸਮਾਜਕ ਤਾਣੇ ਬਾਣੇ ਨੂੰ ਸੰਵਾਰਨ ਦੀ,ਰਿਸ਼ਤਿਆਂ ਦੀ ਅਹਿਮੀਅਤ ਨੂੰ ਸਮਝਣ ਦੀ,ਜਿੰਦਗੀ ਦੇ ਘਾਟੇ ਵਾਧੇ ਜਰਦਿਆਂ ਵੱਖ ਵੱਖ ਰਿਸ਼ਤਿਆਂ ਨੂੰ ਨਿਭਾਉਣ ਦੀ ।ਯਾਰਾਂ ਦੋਸਤਾਂ ਨਾਲ ਯਾਰੀਆਂ ਨਿਭਾਉਦਿਆਂ ਬਾਕੀ ਰਿਸ਼ਤਿਆਂ ਨੂੰ ਵੀ ਬਰਕਰਾਰ ਰੱਖਣ ਦੀ ।ਨਹੀਂ ਤਾ ਇਸੇ ਤਰਾਂ ਟੈਂਸ਼ਨਾਂ ਚ ਜਿੰਦਗੀ ਗੁਜ਼ਾਰਦਾ ਹੋਇਆ ਇਨਸਾਨ ਇਸ ਜਹਾਨ ਤੋ ਰੁਖ਼ਸਤ ਹੁੰਦਾ ਰਹੇਗਾ। ਆਓ ! ਦੂਰੀਆਂ ਨੂੰ ਦੂਰ ਕਰਕੇ ਗਲੇ ਮਿਲੀਏ ਅਤੇ ਮੋਹ ਮੁਹੱਬਤਾਂ ਵੰਡਦੇ ਹੋਏ ਹਾਸੇ ਠੱਠਿਆਂ ਚ ਖੁਸ਼ਗਵਾਰ ਰਹਿ ਕੇ ਕੁਦਰਤ ਵੱਲੋਂ ਬਖ਼ਸ਼ੀ ਅਨਮੋਲ ਜਿੰਦਗੀ ਦਾ ਮਜ ?ਹਾ ਲਾਈਏ ਤੇ ਹਰ ਰਿਸ਼ਤੇ ਦੀ ਅਹਿਮੀਅਤ ਨੂੰ ਸਮਝਦੇ ਹੋਏ ਉਸ ਨੂੰ ਨਿੱਘਾ ਬਣਾਈਏ ।ਇਸ ਨਾਲ ਯਕੀਨਨ ਤੁਹਾਡੀ ਉਮਰ ਦਰਾਜ਼ ਹੋਵੇਗੀ।

**ਲੈਕਚਰਾਰ ਅਜੀਤ ਖੰਨਾ**

## ਹੁਣ ਭਾਜਪਾ ਦਾ ਵਿਰੋਧ ਕਰਨ ਵਾਲਿਆਂ ਨੂੰ ਰਾਸ਼ਟਰ ਵਿਰੋਧੀ ਗਰਦਾਨਿਆ ਜਾ ਰਿਹਾ ਹੈ: ਮੁੱਖ ਮੰਤਰੀ

**ਚੰਡੀਗੜ੍ਹ** - ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਦੇਸ਼ ਵਿੱਚ ਹਾਲਾਤ ਬਹੁਤ ਅਫਸੋਸਜਨਕ ਬਣੇ ਹੋਏ ਹਨ ਕਿਉਂਕਿ ਕਿਸੇ ਵੀ ਪਾਰਟੀ ਵੱਲੋਂ ਭਾਜਪਾ ਵਿਰੁੱਧ ਕੋਈ ਪ੍ਰਚਾਰ ਜਾਂ ਵਿਚਾਰ ਪੇਸ਼ ਕਰਨ ਨਾਲ ਹੁਣ ਉਸ ਨੂੰ ਰਾਸ਼ਟਰ ਵਿਰੋਧੀ ਐਲਾਨਿਆ ਜਾ ਰਿਹਾ ਹੈ।

ਅੱਜ ਇੱਥੇ ਆਪਣੀ ਸਰਕਾਰੀ ਰਿਹਾਇਸ਼ ’ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਹੀ ਹਾਸੋਹੀਣਾ ਹੈ ਕਿ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਆਪ੍ਰੇਸ਼ਨ ਸਿੰਦੂਰ ਬਾਰੇ ਉਨ੍ਹਾਂ ਦੇ ਬਿਆਨ ਉੱਤੇ ਕਿਹਾ ਹੈ ਕਿ ਉਹ ਪਾਕਿਸਤਾਨ ਦੀ ਆਵਾਜ਼ ਬੁਲੰਦ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਬਹੁਤ ਮੰਦਭਾਗਾ ਹੈ ਕਿ ਬਿੱਟੂ ਨੇ ਅਜਿਹੇ ਤਰਕਹੀਣ ਬਿਆਨ ਦਿੱਤੇ ਹਨ ਜਦੋਂ ਕਿ ਦਿੱਲੀ ਵਿੱਚ ਬੈਠੇ ਉਨ੍ਹਾਂ ਦੇ ਆਕਾ ਬੇਬੁਨਿਆਦ ਬਿਆਨ ਦੇ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੇਂਦਰੀ ਰਾਜ ਮੰਤਰੀ ਇਹ ਭੁੱਲ ਗਏ ਹਨ ਕਿ ਉਨ੍ਹਾਂ ਦੀ ਆਪਣੀ ਪਾਰਟੀ ਹਰ ਘਰ ਵਿੱਚ ਸਿੰਦੂਰ ਭੇਜਣ ਦੇ ਆਪਣੇ ਫੈਸਲੇ ਤੋਂ ਪਿੱਛੇ ਹਟ ਗਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਤਰ੍ਹਾਂ ਦਾ ਰਵੱਈਆ ਬੇਲੋੜਾ ਅਤੇ ਗੈਰ-ਵਾਜਬ ਹੈ ਅਤੇ ਇਹ ਦੇਸ਼ ਹਿੱਤ ਵਿੱਚ ਨਹੀਂ ਹੈ। ਉਨ੍ਹਾਂ ਕਿਹਾ ਕਿ ਦੁਨੀਆ ਦੇ ਇਤਿਹਾਸ ਵਿੱਚ ਪਹਿਲੀ ਵਾਰ ਕੋਈ ਵੀ ਸਰਕਾਰ ਆਪਣੇ ਨਾਮਜ਼ਦ ਵਿਅਕਤੀਆਂ ਨੂੰ ਦੁਨੀਆ ਭਰ ਵਿੱਚ ਭੇਜ ਰਹੀ ਹੈ ਤਾਂ ਜੋ ਸਾਰਿਆਂ

- **ਬਿੱਟੂ ਨੂੰ ਚੁਣੌਤੀ ਦਿੱਤੀ ਕਿ ਉਹ ਆਪਣੇ ਮਾਲਕਾਂ ਤੋਂ ਪੁੱਛਣ ਕਿ ਹਰ ਘਰ ਨੂੰ ਸਿੰਦੂਰ ਭੇਜਣ ਦੇ ਫੈਸਲੇ ਤੋਂ ਪਾਸਾ ਕਿਉਂ ਵੱਟਿਆ**
- **ਜੰਗ ਵਿੱਚ ਜਿੱਤ ਬਾਰੇ ਦੁਨੀਆ ਨੂੰ ਦੱਸਣ ਲਈ ਨਾਮਜ਼ਦ ਵਿਅਕਤੀਆਂ ਨੂੰ ਵਿਦੇਸ਼ ਭੇਜਣ ਦੀ ਲੋੜ ਬਾਰੇ ਪੁੱਛਿਆ ਸਵਾਲ**

ਨੂੰ ਇਹ ਦੱਸਿਆ ਜਾ ਸਕੇ ਕਿ ਉਹ ਜੰਗ ਵਿੱਚ ਜੇਤੂ ਹੋਏ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਿੱਤ ਬਾਰੇ ਕਿਸੇ ਨੂੰ ਦੱਸਣ ਦੀ ਕੋਈ ਲੋੜ ਨਹੀਂ ਹੁੰਦੀ ਕਿਉਂਕਿ ਜਿੱਤ ਆਪਣੇ ਆਪ ਬੋਲਦੀ ਹੈ।

ਸੂਬੇ ਦੇ ਇਕ ਯੂਟਿਊਬਰ ਦੀ ਗ੍ਰਿਫ਼ਤਾਰੀ ਬਾਰੇ ਪੁੱਛੇ ਜਾਣ ਤੇ ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਵਿੱਚ ਸੋਸ਼ਲ ਮੀਡੀਆ ਚੈਨਲਾਂ ਨੂੰ ਕੇਂਦਰ ਸਰਕਾਰ ਨਿਯਮਤ ਕਰਦੀ ਹੈ। ਹਾਲਾਂਕਿ ਉਨ੍ਹਾਂ ਕਿਹਾ ਕਿ ਜੇ ਸੂਬੇ ਵਿੱਚ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਧਿਆਨ ਵਿੱਚ ਕੋਈ ਵੀ ਦੇਸ਼ ਵਿਰੋਧੀ ਗਤੀਵਿਧੀ ਆਉਂਦੀ ਹੈ ਤਾਂ ਉਨ੍ਹਾਂ ਵਿਰੁੱਧ ਕਾਨੂੰਨ ਅਨੁਸਾਰ ਢੁਕਵੀਂ ਕਾਰਵਾਈ ਕੀਤੀ ਜਾਂਦੀ ਹੈ। ਭਗਵੰਤ ਸਿੰਘ ਮਾਨ ਨੇ ਸਪੱਸ਼ਟ ਤੌਰ ਤੇ ਕਿਹਾ ਕਿ ਦੇਸ਼ ਵਿਰੁੱਧ ਅਪਰਾਧ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾ ਸਕਦਾ ਅਤੇ ਉਨ੍ਹਾਂ ਵਿਰੁੱਧ ਮਿਸਾਲੀ ਕਾਰਵਾਈ ਕੀਤੀ ਜਾਂਦੀ ਹੈ।



# ਸੀਮਿੰਟ ਨਾਲ ਭਰੀ ਟਰਾਲੀ ਕਾਰ ’ਤੇ ਪਲਟੀ, 9 ਦੀ ਮੌਤ

## ਪਰਿਵਾਰ ਵਿਆਹ ਤੋਂ ਆ ਰਿਹਾ ਸੀ ਵਾਪਸ



**ਝਾਬੂਆ:** ਮੱਧ ਪ੍ਰਦੇਸ਼ ਦੇ ਝਾਬੂਆ ਜ਼ਿਲ੍ਹੇ ਦੇ ਠੰਡਲਾ-ਮੇਘਨਗਰ ਵਿਚਕਾਰ ਸੰਜੇਲੀ ਰੇਲਵੇ ਕਰਾਸਿੰਗ ਨੇੜੇ ਭਿਆਨਕ ਸੜਕ ਹਾਦਸੇ ਵਿੱਚ 9 ਲੋਕਾਂ ਦੀ ਮੌਤ ਹੋ ਗਈ। ਬੁੱਧਵਾਰ ਰਾਤ ਨੂੰ ਲਗਪਗ 2:00 ਵਜੇ ਨਿਰਮਾਣ ਅਧੀਨ ਓਵਰ ਬ੍ਰਿਜ ਨੇੜੇ ਮੋੜ ’ਤੇ ਟਰਾਲੀ ਅਤੇ ਇੱਕ ਕਾਰ ਦੀ ਟੱਕਰ ਹੋ ਗਈ। ਮ੍ਰਿਤਕਾਂ ਵਿੱਚੋਂ ਅੱਠ ਠੰਡਲਾ ਨੇੜੇ ਸ਼ਿਵਗੜ੍ਹ ਮਹੂਦਾ ਦੇ ਰਹਿਣ ਵਾਲੇ ਦੱਸੇ ਜਾ ਰਹੇ ਹਨ, ਜਦੋਂ ਕਿ ਇੱਕ ਹੋਰ ਮ੍ਰਿਤਕ ਸ਼ਿਵਗੜ੍ਹ ਨੇੜੇ ਇੱਕ ਪਿੰਡ ਦਾ ਰਹਿਣ ਵਾਲਾ ਦੱਸਿਆ ਜਾ ਰਿਹਾ ਹੈ। ਇਸ ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ। ਝਾਬੂਆ ਦੇ ਪੁਲਿਸ ਸੁਪਰਡੈਂਟ ਪਦਮਵਿਲੋਚਨ ਸ਼ੁਕਲਾ ਇਸ ਮਾਮਲੇ ਦੀ ਜਾਂਚ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਟਰੱਕ ਮੇਘਨਗਰ ਤਹਿਸੀਲ ਖੇਤਰ ਅਧੀਨ ਸੰਜੇਲੀ ਰੇਲਵੇ ਕਰਾਸਿੰਗ ਨੇੜੇ ਇੱਕ ਅਸਥਾਈ ਸੜਕ ਤੋਂ ਨਿਰਮਾਣ ਅਧੀਨ ਰੇਲ ਓਵਰ ਬ੍ਰਿਜ (ਆਰਓਬੀ) ਨੂੰ ਪਾਰ ਕਰ ਰਿਹਾ ਸੀ, ਜਦੋਂ ਇਹ ਆਪਣਾ ਸੰਤੁਲਨ ਗੁਆ ਬੈਠਾ ਤੇ ਵੈਨ ’ਤੇ ਪਲਟ ਗਿਆ।

### ਗੁਟਖਾ ਥੁੱਕਣ ਲਈ ਚਲਦੀ ਕਾਰ ਦਾ ਖੋਲ੍ਹਿਆ ਦਰਵਾਜ਼ਾ

## 100 ਦੀ ਰਫ਼ਤਾਰ ਨਾਲ 6 ਵਾਰ ਪਲਟੀ ਇਨੋਵਾ ਕਾਰ; ਮੌਤ



**ਨਵੀਂ ਦਿੱਲੀ:** ਛੱਤੀਸਗੜ੍ਹ ਦੇ ਬਿਲਾਸਪੁਰ ਤੋਂ ਬਹੁਤ ਜ਼ਿਆਦਾ ਲਾਪਰਵਾਹੀ ਦਾ ਮਾਮਲਾ ਸਾਹਮਣੇ ਆਇਆ ਹੈ। ਬਿਲਾਸਪੁਰ ਦੇ ਗੁਰੂਨਾਨਕ ਢਾਬੇ ਨੇੜੇ ਕਾਰ ਚਲਾ ਰਹੇ ਇੱਕ ਵਪਾਰੀ ਨੇ ਚੱਲਦੀ ਕਾਰ ਦਾ ਦਰਵਾਜ਼ਾ ਖੋਲ੍ਹਿਆ ਅਤੇ ਗੁਟਖਾ ਛਿੜਕ ਦਿੱਤਾ। ਇਸ ਦੌਰਾਨ 100 ਦੀ ਰਫ਼ਤਾਰ ਨਾਲ ਚੱਲ ਰਹੀ ਇਨੋਵਾ ਕੰਟਰੋਲ ਤੋਂ ਬਾਹਰ ਹੋ ਗਈ ਅਤੇ ਡਿਵਾਈਡਰ ਨਾਲ ਟਕਰਾ ਗਈ ਅਤੇ ਲਗਪਗ ਛੇ ਵਾਰ ਪਲਟ ਗਈ। ਦੱਸਿਆ ਜਾ ਰਿਹਾ ਹੈ ਕਿ ਜਿਵੇਂ ਹੀ ਕਾਰ ਪਲਟ ਗਈ, ਪਿੱਛੇ ਬੈਠਾ ਨੌਜਵਾਨ ਵਪਾਰੀ ਬਾਹਰ ਡਿੱਗ ਪਿਆ, ਜਿਸ ਤੋਂ ਬਾਅਦ ਉਸ ਦੀ ਮੌਕੇ ’ਤੇ ਹੀ ਮੌਤ ਹੋ ਗਈ। ਇਹ ਤਿੰਨ ਲੋਕ ਕੌਣ ਸਨ, ਉਹ ਕਿੱਥੇ ਜਾ ਰਹੇ ਸਨ ? ਪੁਲਿਸ ਨੇ ਦੱਸਿਆ ਕਿ ਮ੍ਰਿਤਕ 31 ਸਾਲਾ ਜੈਕੀ ਗੇਹੀ, ਬਿਲਾਸਪੁਰ ਦੇ ਬਾਹਰਵਾਰ ਚੱਕਰਭੱਠਾ ਦਾ ਰਹਿਣ ਵਾਲਾ ਇੱਕ ਕੱਪੜਾ ਵਪਾਰੀ ਸੀ। ਉਹ ਐਤਵਾਰ ਦੇਰ ਰਾਤ ਰਾਏਪੁਰ ਤੋਂ 100 ਕਿਲੋਮੀਟਰ ਦੂਰ ਇੱਕ ਪਾਰਟੀ ਵਿੱਚ ਗਿਆ ਸੀ ਅਤੇ ਆਪਣੇ ਇੱਕ ਦੋਸਤ ਆਕਾਸ਼ ਚਾਂਦਨੀ ਨੂੰ ਕਰੀਬ 1.30 ਵਜੇ ਲੈਣ ਲਈ ਬੁਲਾਇਆ।

# ਲੰਘਿਆ ਸਮਾਂ

ਲੰਘਿਆ ਸਮਾਂ ਹੁਣ ਵਾਪਿਸ ਆਉਣਾ ਨਹੀਂ,
ਸਮੇਂ ਨੂੰ ਹੁਣ ਤੂੰ ਦੇ ਗਵਾਹੀ ਨਾ।

ਬੀਤੇ ’ਚ ਹੋ ਗਿਆ ਜੋ ਸੀ ਹੋਣਾ,
ਸੋਚ ਕੇ ਬੀਤੇ ਵੇਲੇ ਨੂੰ, ਹੁਣ ਤੂੰ ਪਛਤਾਈ ਨਾ।

ਖੌਰੇ ਪੂਰੇ ਹੋਣੇ ਜਾ ਨਹੀਂ,
ਤੂੰ ਆਪਣੇ ਖਵਾਬ ਸਜਾਈ ਨਾ।

ਰਾਸਤਾ ਤੇਰਾ ਪੈਦਲ ਵਾਲਾ ਏ,
ਏਹ ਨਾ ਸੋਚੀ ਕਿਤੇ ਹਵਾਈ ਆ।

ਜੋ ਹੈਗਾ, ਉਹਦੇ ’ਚ ਖੁਸ਼ ਰਹਿ, ਮਸਤ ਰਹਿ ਲਾ,
ਐਵੇਂ ਖੁਦ ਨੂੰ ਕਰੀ ਕਰਜਾਈ ਨਾ।

ਉੱਗਣ ਵਾਲੇ ਮੁੜ ਉੱਗ ਪੈਂਦੇ ਨੇ,
ਸੋਚ ਸੋਚ ਕੇ ਚਿਹਰਾ ਆਪਣਾ ਮੁਰਝਾਈ ਨਾ।

ਦੁੱਗਣਾ ਕਰੀ ਜੋ ਕਰਦਾ ਤੇਰਾ,
ਕਿਸੇ ਨਾਲ ਕਰੀ ਬੇਵਫ਼ਾਈ ਨਾ।

ਪਤਾ ਰਸਤਾ ਤੇਰਾ ਕੰਢਿਆ ਵਾਲਾ ਏ,
’ਸ਼ਰਨ’ ਤੂੰ ਦੇਖ ਇਸਨੂੰ ਘਬਰਾਈ ਨਾ।

ਲੰਘਿਆ ਸਮਾਂ ਹੁਣ ਵਾਪਿਸ ਆਉਣਾ ਨਹੀਂ,
ਸਮੇਂ ਨੂੰ ਹੁਣ ਤੂੰ ਦੇ ਗਵਾਹੀ ਨਾ।



**ਸ਼ਰਨ ਕੌਰ**

## ਨਸ਼ਾ ਤਸਕਰ ਪਿਉ-ਪੁੱਤ ਨੇ ਘਰ ਦੀ ਛੱਤ ’ਤੇ ਚੜ੍ਹ ਕੇ ਢਾਈ ਘੰਟੇ ਪੁਲਿਸ ਨੂੰ ਪਾਈ ਰੱਖਿਆ ਵਖ਼ਤ, ਇੱਟਾਂ-ਰੋੜੇ ਚਲਾਏ; ਬੈਰੰਗ ਮੁੜੀ ਪੁਲਿਸ

**ਬਟਾਲਾ** : ਬਟਾਲਾ ਦੇ ਨਜ਼ਦੀਕੀ ਪਿੰਡ ਮੁਰਾਦਪੁਰ ਚ ਨਸ਼ਾ ਤਸ਼ਕਰ ਨੂੰ ਫੜਨ ਗਈ ਪੁਲਿਸ ਨੂੰ ਢਾਈ ਘੰਟੇ ਮੁਲਜ਼ਮ ਵੱਲੋਂ ਕੀਤੇ ਗਏ ਢਾਈ ਘੰਟੇ ਹਾਈ ਵੋਲਟੇਜ ਡਰਾਮੇ ਦਾ ਸਾਹਮਣਾ ਕਰਨਾ ਪਿਆ। ਇਸ ਮਾਮਲੇ ਦੀ ਸੋਸ਼ਲ ਮੀਡੀਆ ’ਤੇ ਵੀਡੀਓ ਵੀ ਵਾਇਰਲ ਹੋ ਰਹੀ ਹੈ। ਮਾਮਲਾ ਮੰਗਲਵਾਰ ਸ਼ਾਮ ਦਾ ਦੱਸਿਆ ਗਿਆ ਹੈ। ਪੁਲਿਸ ਵੱਲੋਂ ਮੁਲਜ਼ਮ ਨੂੰ ਫੜਨ ਲਈ ਕੀਤੀ ਕਾਰਵਾਈ ਅਤੇ ਮੁਲਜ਼ਮ ਵੱਲੋਂ ਕੀਤੇ ਡਰਾਮੇ ਦੀ ਵੀਡੀਓ ਵੀ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਹੀ ਹੈ। ਉਧਰ, ਥਾਣਾ ਕਾਦੀਆਂ ਦੇ ਐਸਐਚਓ ਗੁਰਮੀਤ ਸਿੰਘ ਨਾਗਰਾ ਨੇ ਕਿਹਾ ਕਿ ਮੁਲਜ਼ਮ ਦਾ ਘਰ ਦੀ ਛੱਤ ’ਤੇ ਚੜ੍ਹੇ ਹੋਣ ਕਾਰਨ ਉਸ ਨੂੰ ਗ੍ਰਿਫਤਾਰ ਕਰਨ ’ਚ ਪੁਲਿਸ ਨੂੰ ਦਿੱਕਤਾਂ ਆਈਆਂ ਸਨ। ਪੁਲਿਸ ਉਸ ਨੂੰ ਫੜਨ ਲਈ ਅੱਜ ਛਾਪੇਮਾਰੀ ਕਰ ਰਹੀ ਹੈ। ਜ਼ਖ਼ਮੀ ਪੁਲਿਸ ਮੁਲਜਮਾਂ ਦਾ ਸੀਐਸਸੀ ਭਾਮ ਵਿਖੇ ਇਲਾਜ ਚੱਲ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਕਾਦੀਆਂ ਦੇ ਐਸਐਚਓ ਗੁਰਮੀਤ ਸਿੰਘ ਨਾਗਰਾ ਨੇ ਦੱਸਿਆ ਕਿ ਬੀਤੇ ਦਿਨੀਂ ਪੁਲਿਸ ਨੇ ਪਿੰਡ ਕੰਡੀਲਾ ਦੇ ਮਨਪ੍ਰੀਤ ਸਿੰਘ ਨੂੰ 5 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਗਿਆ ਤੇ ਪੁੱਛਗਿਛ ਦੌਰਾਨ ਮਨਪ੍ਰੀਤ ਨੇ ਮੰਨਿਆ ਕਿ ਉਸ ਨੇ ਇਹ ਹੈਰੋਇਨ ਪਿੰਡ ਮੁਰਾਦਪੁਰ ਦੇ ਈਸ਼ਵਿੰਦਰ ਸਿੰਘ ਉਰਫ ਬਾਊ ਨਾਮਕ ਵਿਅਕਤੀ ਦੇ ਕੋਲੋਂ ਲਿਆਂਦੀ ਹੈ। ਥਾਣਾ ਮੁਖੀ ਨੇ ਦੱਸਿਆ ਬਾਊ ਨਾਮਕ ਵਿਅਕਤੀ ਜਿਸ ਦੇ ਖਿਲਾਫ ਪਹਿਲਾਂ ਵੀ 9 ਮੁਕਦਮੇ ਦਰਜ ਹਨ ਅਤੇ ਜਦ 3 ਜੂਨ ਮੰਗਲਵਾਰ ਦੀ ਸ਼ਾਮ ਨੂੰ ਬਾਊ ਨੂੰ ਗ੍ਰਿਫਤਾਰ ਕਰਨ ਦੇ ਲਈ ਉਸਦੇ ਘਰ ਪਹੁੰਚੀ ਅਤੇ ਮੁਲਜ਼ਮ ਬਾਊ ਅਤੇ ਉਸਦਾ ਲੜਕਾ ਘਰ ਦੀ ਛੱਤ ’ਤੇ ਚੜ੍ਹ ਗਏ।

## ਦਿੱਲੀ ਦੇ ਸ਼ਾਲੀਨ ਮਿੱਤਰਾ ਨੂੰ ਲਗਾਇਆ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦਾ OSD

**ਨਵੀਂ ਦਿੱਲੀ।** ਦਿੱਲੀ ਤੋਂ ਆਮ ਆਦਮੀ ਪਾਰਟੀ ਦੇ ਆਗੂ ਸ਼ਾਲੀਨ ਮਿੱਤਰਾ ਨੂੰ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦਾ OSD ਲਗਾਇਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਸ਼ਾਲੀਨ ਮਿੱਤਰਾ ਯੁੱਧ ਨਸ਼ਿਆ ਵਿਰੁੱਧ ਦੇ ਤਹਿਤ ਜ਼ਿੰਮੇਵਾਰੀ ਨਿਭਾਉਣਗੇ। ਸ਼ਾਲੀਨ ਮਿੱਤਰਾ ਨੂੰ ਅਰਵਿੰਦ ਕੇਜਰੀਵਾਲ ਅਤੇ ਆਤਿਸ਼ੀ ਦਾ ਕਰੀਬੀ ਦੱਸਿਆ ਜਾ ਰਿਹਾ ਹੈ। ਜਿਸ ਨੂੰ ਲੈ ਕੇ ਵਿਰੋਧੀ ਪਾਰਟੀਆਂ ਨੇ ਭਗਵੰਤ ਮਾਨ ਸਰਕਾਰ ’ਤੇ ਸਵਾਲ ਚੁੱਕਣੇ ਸ਼ੁਰੂ ਕਰ ਦਿੱਤੇ ਹਨ। ਗ਼ੈਰ ਪੰਜਾਬੀਆਂ ਨੂੰ ਵੱਡੇ ਅਹੁਦਿਆਂ ਉੱਤੇ ਬੈਠਾਉਣ ਦੇ ਇਲਜ਼ਾਮ ਲੱਗ ਰਹੇ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ X ’ਤੇ ਪੋਸਟ ਕਰਦੇ ਹੋਏ ਲਿਖਿਆ ਹੈ ਕਿ ਆਮ ਆਦਮੀ ਪਾਰਟੀ ਦੇ ਦਿੱਲੀ ਦੇ ਨੇਤਾ ਸਤਿੰਦਰ ਜੈਨ ਦਾ PA ਸ਼ਾਲੀਨ ਮਿੱਤਰਾ ਜੋ ਕਿ UP ਨਾਲ ਸੰਬੰਧਿਤ ਹਨ ਨੂੰ ਪੰਜਾਬ ਦੇ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਦਾ OSD ਨਿਯੁਕਤ ਕੀਤਾ ਹੈ। ਕੀ ਪੰਜਾਬ ’ਚ ਕੋਈ ਕਾਬਿਲ ਨੌਜਵਾਨ ਨਹੀਂ ਸੀ, ਜੋ ਯੂਪੀ ਦੇ ਨੌਜਵਾਨ ਨੂੰ OSD ਲਾਇਆ ਗਿਆ। ਉਨ੍ਹਾਂ ਕਿਹਾ ਕਿ ਹੁਣ ਇੰਤਜ਼ਾਰ ਹੈ ਕਦੋਂ ਪੰਜਾਬ ਦਾ ਮੁੱਖ ਮੰਤਰੀ ਵੀ ਕਿਸੇ ਬਾਹਰੀ ਸੂਬੇ ਤੋਂ ਨਿਯੁਕਤ ਕੀਤਾ ਜਾਵੇਗਾ। ਮਜੀਠੀਆ ਨੇ ਕਿਹਾ ਕਿ ਪਹਿਲਾਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਚੇਅਰਪਰਸਨ ਦਿੱਲੀ ਦੀ ਰੀਨਾ ਗੁਪਤਾ ਨੂੰ ਲਾਇਆ ਗਿਆ ਸੀ। ਯੂਪੀ ਵਾਸੀ ਦੀਪਕ ਚੌਹਾਨ ਨੂੰ ਪੰਜਾਬ ਲਾਰਡ ਸਕੇਲ ਇੰਡਸਟਰੀਲ ਡਿਵੈਲਪਮੈਂਟ ਬੋਰਡ ਦਾ ਚੇਅਰਮੈਨ ਲਾਇਆ ਗਿਆ ਸੀ।


# ਅਦਾਕਾਰ,ਰੰਗਕਰਮੀ ਤੇ ਲੋਕ ਗਾਇਕ ’ਲ.ਫਜ ਧਾਲੀਵਾਲ’ ਖੂਬਸੂਰਤ ਰੁਮਾਂਟਿਕ ਗੀਤ ’ਚੰਨ ਤਾਰਿਆਂ’ ਲੈ ਸਰੋਤਿਆਂ ਸਨਮੁੱਖ ਹੋ ਰਿਹਾ

ਪੰਜਾਬ ਦੇ ਜ਼ਿਲੇ ਫਾਜ਼ਿਲਕਾ ਦੇ ਪਿੰਡ ’ਉਸਮਾਨ ਖੇੜਾ’ ਜੋ ਰਾਜਸਥਾਨ ਬਾਰਡਰ ਤੇ ਪੈਂਦਾ ਹੈ, ਇਸ ਪਿੰਡ ਦੇ ਸ੍ਰੀ ਸਵਰਨਜੀਤ ਸਿੰਘ ਦੇ ਘਰ ਮਾਤਾ ਨਰਿੰਦਰ ਕੌਰ ਦੇ ਕੁੱਖੋ ਜਨਮੇ ’ਜਸਵਿੰਦਰ ਲ.ਫਜ’ ਉਰਫ ’ਲ.ਫਜ ਧਾਲੀਵਾਲ’ ਨਾਮ ਫਿਲਮ ਇੰਡਸਟ ?ਰੀਜ ਵਿੱਚ ਜਾਣੇ ਜਾਂਦੇ ਹਨ ।

ਓਨਾਂ ਬਚਪਨ ਤੋ ਬਾਲ ਸਭਾਵਾਂ ਵਿੱਚ ਬੇਮਿਸਾਲ ਗਾਇਕੀ ਵੱਲੋ ਕਦਮ ਪੁੱਟਿਆ। ਸੁਰੀਲੀ ਮਿੱਠੀ ਦਮਦਾਰ ਆਵਾਜ ਨੇ ਸਰੋਤਿਆ ਦੇ ਦਿਲਾਂ ਤੇ ਇੱਕ ਵਿਲੱਖਣ ਛਾਪ ਛੱਡੀ ਸਕੂਲ

ਪੱਧਰ ਤੇ ’ਜਸਵੰਤ ਜੱਸੀ ਤੂਤਵਾਲਾ’ ਤੇ ’ਝੂਮਰ ਵਾਲੇ ਬਾਬੇ’ ਦੀ ਰਹਿਨੁਮਾਈ ਹੇਠ ਛੇਵੀ ਜਮਾਤ ਵਿੱਚ , ਉਹਨਾਂ ਦੁਆਰਾ ਲਿਖਿਆ ਗੀਤ ’ਟੌਹਰੇ ਸਦਾ ਨੀਂ ਪੱਗਾਂ ਦੇ ਉੱਚੇ ਰਹਿੰਦੇ’ ਗਾ ਕੇ ਜਿਲੇ ਵਿੱਚ ਦੂਸਰਾ ਸਥਾਨ ਹਾਸਲ ਕੀਤਾ । ਏਸੇ ਤਰਾਂ ਕਦਮ ਦਰ ਕਦਮ ਜਾਰੀ ਰੱਖਿਆ । ਡੀ.ਏ.ਵੀ ਕਾਲਜ ਅਬੋਹਰ ਵਿਖੇ ਯੂਥ ਫੈਸਟੀਵਲ ’ਚ ਭਾਗ ਲੈ ਕੇ ਆਪਣੀ ਮੰਝੀ ਹੋਈ ਗਾਇਕੀ ਸਥਾਪਤ ਕੀਤੀ । ਦੋਗਾਣਾ ’ਲ.ਫਜ ਧਾਲੀਵਾਲ’ ਦੁਆਰਾ ਪਹਿਲਾ 2010 ’ਚ ਪਤੀ ਪਤਨੀ ਦੀ ਨੋਕ ਝੋਕ ’ਟਾਟੋ ਮਾਟੋ ’ ਜਿਸ ਦੀ ਵੀਡੀਓ ’ਦੇਵੀ ਸ਼ਰਮਾਂ ਜੀ’ ਵੱਲੋ ਤਿਆਰ ਕੀਤੀ ਗਈ ਸੀ , ਜੋ ’ਗੰਗਾਨਗਰ’ ਦੀ ਪ੍ਰਸਿੱਧ ਕੰਪਨੀ ’ਬਲੂ ਸਟਾਰ’ ਵੱਲੋ ਪੇਸ਼ ਕੀਤਾ ਗਿਆ। ਇਸ ਤੋ ਦੂਜੇ ਸਿੰਗਲ ਟਰੈਕ ਗੀਤ ’ ਇੱਕ ਵਾਰ ਹਾਂ ਕਰਦੇ’ ਤੀਸਰਾ ਗੀਤ ’ਦੋ ਤਾਰਾਂ ਬੋਲਦੀਆਂ’ ਜਲੰਧਰ ਦੂਰਦਰਸ਼ਨ ਟੀ.ਵੀ ਤੇ ਨਵੇ ਸਾਲ 2015 ਰੰਗਾਰੰਗ ਪ੍ਰੋਗਰਾਮ ਵਿੱਚ ਪੇਸ਼ ਕੀਤਾ ।

ਜਦੋ 2016 ਵਿੱਚ ਪ੍ਰਸਿੱਧ ਰੰਗਕਰਮੀ ’ਰਾਜਵਿੰਦਰ ਸਮਰਾਲਾ ਜੀ’ ਦੀ ਟੀਮ ਦਾ ਨਾਟਕ ਦੇਖਿਆਂ ਤਾਂ ਉਸਦੇ ਮੁਰੀਦ ਹੋ ਗਏ ਅਤੇ ਓਨਾਂ ਦੀ ਟੀਮ ਵਿਚ ਸ਼ਾਮਲ ਹੋ ਗਏ ਅਤੇ ਕਈ ਸਟੇਜਾਂ ਤੇ ਰੰਗਕਰਮੀ ਦੇ ਤੌਰ ਨਾਟਕ ਖੇਡੇ, ਅੱਜ ਵੀ ਸਟੇਜੀ ਬਰੀਕੀ ਸਿੱਖਿਆਂ ਪ੍ਰਸਿੱਧ




ਰੰਗਕਰਮੀ ’ਰਾਜਵਿੰਦਰ ਸਮਰਾਲਾ ਜੀ’ ਤੋ ਹਾਸਲ ਕਰਦੇ ਰਹਿੰਦੇ ਹਨ ।

ਪ੍ਰਸਿੱਧ ਚਰਚਿਤ ਡਾਇਰੈਕਟਰ ’ਭਗਵੰਤ ਕੰਗ ਜੀ’ ਦੀ ਲਘੂ ਫ਼ ?ਲਮ ’ਤੀਵੀਆਂ’ ਵਿੱਚ ਪ੍ਰਸਿੱਧ ਅਦਾਕਾਰ ਦਿਲਾਵਰ ਸਿੱਧੂ ਨਾਲ ਕੰਮ ਕਰਨ ਦਾ ਮੌਕਾ ਮਿਲਿਆਂ। ਏਸੇ ਤਰਾਂ ਨਾਵਲ ’ਬਾਕੀ ਸਫਾ ਪੰਜ’ ਬੂਟਾ ਸਿੰਘ ਚੌਹਾਨ ਜੀ ਦਾ ਨਾਵਲ ’ਉਜੜੇ ਖੂਹ ਦਾ ਪਾਣੀ’ ਵਿਚ ਫਿਲਮ ਇੰਡਸਟ ?ਰੀਜ ਦੇ ਚਰਚਿਤ ਅਦਾਕਾਰ ’ਕੁਲਦੀਪ ਨਿਆਮੀ ਜੀ’ ਨਾਲ, ਜਤਿੰਦਰ ਹਾਂਸ ਜੀ ਦੀ ਕਹਾਣੀ ਤੇ ’ਨੰਗੇਜ਼’ ਲਘੂ ਫਿਲਮ ਵਿਚ ਸਟੂਡੀਓ ÷7 ਆਰ÷++ ਦੇ ਬੈਨਰ ਹੇਠ ’ਪਛਤਾਵਾਂ’ ਵਿੱਚ ਅਤੇ ਵੈੱਬਸੀਰੀਜ਼ ’ਕਤਲ ’ ’ਹਰਭਜਨ ਸਿੰਘ ਖੰਨਾ’ ਦੁਆਰਾ ਨਿਰਦੇਸ਼ਕ ਕੀਤੀ ਜਾ ਰਹੀ ਹੈ, ਉਸ ਵਿਚ ਨਜ਼ਰ ਆਉਣਗੇ ਅਤੇ ਡਾਇਰੈਕਟਰ ’ਵਿਰਾਟ ਮਾਹਲ ਜੀ’ ਵੱਲੋ ਡਾਇਰੈਕਟ ਕੀਤਾ, ਪੰਜਾਬੀ ਨਾਟਕ ’ਮੁਕੰਦ ਬਾਜੀਗਰ’ ਵਿਚ ਬਾ ਕਮਾਲ ਅਦਾਕਾਰੀ ਦੇਖਣ ਨੂੰ ਮਿਲੇਗੀ। ਅੱਜਕੱਲ ਡਾਇਰੈਕਟਰ ’ਵਿਰਾਟ ਮਾਹਲ’ ਦੇ ਚੈਨਲ ’ਓਕੇ ਜੱਟਾਂ ਰੈਕਡ’ ਦੇ ਬੈਨਰ ਹੇਠ ਲੜੀਵਾਰ ਨਾਟਕ ’ਮੁਕਲਾਵਾਂ’ ਆਪਣੇ ਕਿਰਦਾਰ ਨਿਭਾਅ ਦਰਸ਼ਕਾਂ ਦਾ ਦਿਲ ਜਿੱਤਣ ਜਾ ਰਹੇ ਹਨ।

ਏਥੇ ਹੀ ਬਸ ਨਹੀ ’ਲ.ਫ਼ਜ ਧਾਲੀਵਾਲ’ ਕੁਦਰਤ ਪ੍ਰੇਮੀ, ਸਹਿਤਕ ਪ੍ਰੇਮੀ , ਜੀਵ ਜੰਤੂਆਂ ਨਾਲ ਮੋਹ ਮੁਹੱਬਤ ਰੱਖਣ ਵਾਲੇ ਸਾਫ ਅਕਸ ਦੇ ਇਨਸਾਨ ਹਨ। ਉਹ ਕਵੀ ਦਰਬਾਰਾਂ ਵਿੱਚ ਕਾਵਿ ਰੰਗ ਬਿਖੇਰਿਆ ਕਰਦੇ ਹਨ।

5 ਜੂਨ ਨੂੰ ’ਲ.ਫ਼ਜ ਧਾਲੀਵਾਲ ਜੀ’ ਦਾ ਖੂਬਸੂਰਤ ਦਮਦਾਰ ਬੁਲੰਦ ਆਵਾਜ ਵਿੱਚ ਰੁਮਾਂਟਿਕ ਗੀਤ ’ਚੰਨ ਤਾਰਿਆਂ’ ਪ੍ਰਸਿੱਧ ਕਮੇਡੀਅਨ ਤੇ ਲੋਕ ਗਾਇਕ ’ਫਤਹਿ ਸਿਹਾਂ’ ਦੇ ’ਫਤਹਿ ਫਿਲਮ’ ਬੈਨਰ ਹੇਠ ਵੱਡੇ ਪੱਧਰ ਤੇ ਲੋਕ ਅਰਪਣ ਹੋਣ ਜਾ ਰਿਹਾ। ਇਸ ਨੂੰ ਸੰਗੀਤਕ ਧੁੰਨਾਂ ਨਾਲ ਸਿੰਗਾਰਿਆਂ ਹੈ ’ਬਲੈਸ ਬੀਟ’ ਤੇ ਖੂਬਸੂਰਤ ਪੋਸਟਰ ’ਬੋਬੀ ਵਰਮਾਂ’ ਨੇ ਤਿਆਰ ਕੀਤਾ।

’ਲ.ਫ਼ਜ ਧਾਲੀਵਾਲ ਜੀ’ ਨੂੰ ਬਹੁਤ ਮੁਬਾਰਕਬਾਦ, ਏਨਾਂ ਦੀਆਂ ਮਿਹਨਤਾਂ ਬੁਲੰਦੀਆਂ ਛੂਹਣ ਅਤੇ ਆਪਣੇ ਹਰ ਮੁਕਾਮ ਤੇ ਫਤਿਹ ਪਾਉਣ।

**ਸ਼ਿਵਨਾਥ ਦਰਦੀ**
**ਫ਼ਰੀਦਕੋਟ**

# ਲੜਕੀਆ ਦੀ ਅੰਮ੍ਰਿਤਸਰ ਕਬੱਡੀ ਟੀਮ ਨੂੰ ਮਿਲਿਆ ਤੀਜਾ ਸਥਾਨ



**ਜੰਡਿਆਲਾ ਗੁਰੂ ਗੁਰਦੇਵ ਸਿੰਘ ਮਨਜੋਤਰਾਂ**

ਪੰਜਾਬ ਕਬੱਡੀ ਐਸੋਸੀਏਸ਼ਨ ਵੱਲੋ ਮਿਤੀ ਇੱਕ ਜੂਨ ਨੂੰ ਫਰੀਦਕੋਟ ਵਿਖੇ ਅੰਡਰ 18 ਲੜਕੀਆਂ ਦੀ ਸਟੇਟ ਪੱਧਰ ਦੀ ਚੈਂਪੀਅਨਸ਼ਿਪ ਕਰਵਾਈ ਗਈ ।ਜਿਸ ਵਿਚ ਅਮ੍ਰਿਤਸਰ ਦੀ ਟੀਮ ਨੇ ਤੀਜਾ ਸਥਾਨ ਹਾਸਲ ਕੀਤਾ । ਗੱਲਬਾਤ ਮੌਕੇ ਇਹ ਜਾਣਕਾਰੀ ਜਿਲਾ ਕਬੱਡੀ ਐਸੋਸੀਏਸ਼ਨ ਅਮ੍ਰਿਤਸਰ ਦੇ ਸੀਨੀਅਰ ਮੀਤ ਪ੍ਰਧਾਨ ਨਵਦੀਪ ਸਿੰਘ ਖੇਲਾ ਡੀਪੀਈ ਸਰਕਾਰੀ ਸੀਨੀਅਰ ਸਕੂਲ ਸੈਕੰਡਰੀ ਮੁੱਛਲ ਨੇ ਦਿਤੀ ।ਖੇਲਾ ਨੇ ਦੱਸਿਆ, ਕਿ ਇਸ ਟੀਮ ਦੀ ਚੋਣ ਜਿਲਾ ਕਬੱਡੀ ਐਸੋਸੀਏਸ਼ਨ ਦੇ ਜਨਰਲ ਸਕੱਤਰ ਹਰਜੀਤ ਸਿੰਘ ਮਦੇਪੁਰ ਪ੍ਰਧਾਨ ਰਣਜੀਤ ਸਿੰਘ ਖਾਲਸਾ ਹਰਸਾ ਛੀਨਾ, ਸੀਨੀਅਰ ਮੀਤ ਪ੍ਰਧਾਨ ਪਲਵਿੰਦਰ ਸਿੰਘ, ਸੀਨੀਅਰ ਮੀਤ ਪ੍ਰਧਾਨ ਨਵਦੀਪ ਸਿੰਘ ਡੀਪੀਈ ਮੁੱਛਲ, ਖਜਾਨਚੀ ਸਤਪਾਲ ਸਿੰਘ ਥਿੰਦ ਕਬੱਡੀ ਕੋਚ ਨੀਤੂ ਅਤੇ ਕਬੱਡੀ ਕੋਚ ਅਮਨ ਦੀ ਅਗਵਾਈ ਹੇਠ ਕੀਤੀ ਗਈ ਸੀ । ਇਸ ਟੀਮ ਵਿਚ ਜਿਲੇ ਦੇ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਮੌਕੇ ਜੇਤੂ ਟੀਮ ਨੂੰ ਸਾਰੇ ਕੋਚਜ ਸਟਾਫ ਤੇ ਹੋਰ ਖਿਡਾਰੀਆਂ ਵੱਲੋਂ ਵਧਾਈ ਦਿਤੀ ਗਈ

# 11ਵੇਂ ਅੰਤਰਰਾਸ਼ਟਰੀ ਯੋਗ ਦਿਵਸ ਲਈ ਔਨਲਾਈਨ ਰਜਿਸਟਰੇਸ਼ਨ ਪ੍ਰਕਿਰਿਆ ਸ਼ੁਰੂ - ਡਿਪਟੀ ਕਮਿਸ਼ਨਰ ਡਾ. ਮਨੋਜ ਕੁਮਾਰ

## ਸਰੀਰਕ, ਮਾਨਸਿਕ ਅਤੇ ਅਧਿਆਤਮਿਕ ਤੰਦਰੁਸਤੀ ਲਈ ਰੋਜ਼ਾਨਾ ਜੀਵਨ ਵਿੱਚ ਯੋਗ ਨੂੰ ਅਪਣਾਓ

**ਸੋਨੀਪਤ/ਰਜਤ ਕੁਮਾਰ**

ਡਿਪਟੀ ਕਮਿਸ਼ਨਰ ਡਾ. ਮਨੋਜ ਕੁਮਾਰ ਨੇ ਦੱਸਿਆ ਕਿ 21 ਜੂਨ ਨੂੰ ਮਨਾਏ ਜਾਣ ਵਾਲੇ 11ਵੇਂ ਅੰਤਰਰਾਸ਼ਟਰੀ ਯੋਗ ਦਿਵਸ ਦੇ ਮੌਕੇ 'ਤੇ ਵੱਧ ਤੋਂ ਵੱਧ ਨਾਗਰਿਕਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ, ਆਯੁਸ਼ ਵਿਭਾਗ ਦੁਆਰਾ ਇੱਕ ਵਿਸ਼ੇਸ਼ ਔਨਲਾਈਨ ਪੋਰਟਲ www.internationalyogadayhry.in ਰਾਹੀਂ ਰਜਿਸਟ?ਰੇਸ਼ਨ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਇਸ ਤੋਂ ਇਲਾਵਾ, ਨਾਗਰਿਕ ਮੋਬਾਈਲ ਨੰਬਰ 9501131800 'ਤੇ ਕਾਲ ਕਰਕੇ ਰਜਿਸਟ?ਰੇਸ਼ਨ ਨਾਲ ਸਬੰਧਤ ਜਾਣਕਾਰੀ ਵੀ ਪ੍ਰਾਪਤ ਕਰ ਸਕਦੇ ਹਨ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਯੋਗ ਇੱਕ ਪ੍ਰਾਚੀਨ ਭਾਰਤੀ ਅਭਿਆਸ ਹੈ, ਜੋ ਸਰੀਰਕ, ਮਾਨਸਿਕ ਅਤੇ ਅਧਿਆਤਮਿਕ ਤੰਦਰੁਸਤੀ ਦਾ ਤਾਲਮੇਲ ਬਣਾਉਂਦਾ ਹੈ। ਇਹ ਅੱਜ ਵਿਸ਼ਵ ਪੱਧਰ 'ਤੇ ਸਿਹਤਮੰਦ ਜੀਵਨ ਦੇ ਇੱਕ ਪ੍ਰਭਾਵਸ਼ਾਲੀ ਸਾਧਨ ਵਜੋਂ ਸਵੀਕਾਰ ਕੀਤਾ ਗਿਆ ਹੈ। ਯੋਗਾ ਸੰਤੁਲਨ, ਲਚਕਤਾ ਅਤੇ ਮਾਨਸਿਕ ਸ਼ਾਂਤੀ ਨੂੰ ਉਤਸ਼ਾਹਿਤ ਕਰਕੇ, ਇੱਕ ਵਿਅਕਤੀ ਦੇ ਰੋਜ਼ਾਨਾ ਜੀਵਨ ਵਿੱਚ ਸਦਭਾਵਨਾ ਅਤੇ ਸਕਾਰਾਤਮਕਤਾ ਲਿਆ ਕੇ ਰਵਾਇਤੀ ਕਸਰਤਾਂ ਤੋਂ ਵੱਖਰਾ ਹੈ।

ਉਨ੍ਹਾਂ ਕਿਹਾ ਕਿ ਯੋਗਾ ਦਾ ਨਿਯਮਤ ਅਭਿਆਸ ਤਣਾਅ ਘਟਾਉਣ, ਦਿਲ ਦੀ ਸਿਹਤ ਵਿੱਚ ਸੁਧਾਰ ਅਤੇ ਸਰੀਰਕ ਸਹਿਣਸ਼ੀਲਤਾ ਵਿੱਚ ਵਾਧਾ ਵਰਗੇ ਲਾਭ ਪ੍ਰਦਾਨ ਕਰਦਾ ਹੈ। ਰੋਜ਼ਾਨਾ ਜੀਵਨ ਵਿੱਚ ਬੁਨਿਆਦੀ ਯੋਗ ਆਸਣਾਂ ਨੂੰ ਸ਼ਾਮਲ ਕਰਨ ਨਾਲ ਮਾਨਸਿਕ ਇਕਾਗਰਤਾ ਵੀ ਮਜ਼ਬੂਤ ??ਹੁੰਦੀ ਹੈ।

ਡਿਪਟੀ ਕਮਿਸ਼ਨਰ ਡਾ. ਮਨੋਜ ਕੁਮਾਰ ਨੇ ਸਾਰੇ ਵਿਭਾਗਾਂ ਦੇ ਮੁਖੀਆਂ ਨੂੰ ਆਪਣੇ-ਆਪਣੇ ਖੇਤਰਾਂ ਵਿੱਚ ਯੋਗ ਦਿਵਸ ਦੇ ਆਯੋਜਨ ਲਈ ਵਿਆਪਕ ਤਿਆਰੀਆਂ ਕਰਨ ਅਤੇ ਔਨਲਾਈਨ ਰਜਿਸਟ?ਰੇਸ਼ਨ ਬਾਰੇ ਜਾਗਰੂਕਤਾ ਫੈਲਾਉਣ ਦੇ ਨਿਰਦੇਸ਼ ਦਿੱਤੇ ਹਨ। ਵਿਦਿਅਕ ਸੰਸਥਾਵਾਂ ਨੂੰ ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ ਨੂੰ ਰਜਿਸਟ?ਰੇਸ਼ਨ ਲਈ ਪ੍ਰੇਰਿਤ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਦੇ ਨਾਲ ਹੀ, ਆਮ ਲੋਕਾਂ ਨੂੰ ਯੋਗ ਦਿਵਸ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਅਤੇ ਯੋਗ ਨੂੰ ਆਪਣੀ ਜੀਵਨ ਸ਼ੈਲੀ ਦਾ ਹਿੱਸਾ ਬਣਾਉਣ ਲਈ ਉਤਸ਼ਾਹਿਤ ਕਰਨ ਲਈ ਜਨਤਕ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾਣਗੀਆਂ।

# ਬੱਚਿਆਂ ਨੂੰ ਯੋਗਾ ਪ੍ਰਤੀ ਜਾਗਰੂਕ ਕਰਨ ਲਈ ਬਾਲ ਭਵਨ ਵਿਖੇ 30 ਜੂਨ ਤੱਕ ਯੋਗਾ ਕਲਾਸਾਂ ਲਗਾਈਆਂ ਜਾਣਗੀਆਂ

**ਸੋਨੀਪਤ/ਰਜਤ ਕੁਮਾਰ**

ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਬਾਲ ਭਲਾਈ ਪ੍ਰੀਸ਼ਦ ਦੇ ਪ੍ਰਿੰਸੀਪਲ ਡਾ. ਮਨੋਜ ਕੁਮਾਰ ਦੀ ਅਗਵਾਈ ਹੇਠ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਬੱਚਿਆਂ ਲਈ ਵੱਖ-ਵੱਖ ਦਿਲਚਸਪ ਕਲਾਸਾਂ ਦਾ ਆਯੋਜਨ ਕੀਤਾ ਜਾਵੇਗਾ। ਇਸ ਸੰਦਰਭ ਵਿੱਚ, ਬਾਲ ਭਵਨ, ਸਪੈਸ਼ਲ ਹੋਮ ਅਤੇ ਕਿਸ਼ੋਰ ਵਿਕਾਸ ਸਦਾਮ ਵਿਖੇ ਯੋਗਾ ਕਲਾਸਾਂ ਲਗਾਈਆਂ ਜਾਣਗੀਆਂ। ਇਸ ਤੋਂ ਇਲਾਵਾ, ਬਾਲ ਗ੍ਰਾਮ ਰਾਏ ਦੀਆਂ ਲੜਕੀਆਂ ਲਈ ਖਾਣਾ ਪਕਾਉਣ ਦੀਆਂ ਕਲਾਸਾਂ ਦਾ ਆਯੋਜਨ ਕੀਤਾ ਜਾਵੇਗਾ।

ਜ਼ਿਲ੍ਹਾ ਬਾਲ ਭਲਾਈ ਅਧਿਕਾਰੀ ਆਰਤੀ ਨੇ ਦੱਸਿਆ ਕਿ ਬਾਲ ਭਵਨ ਵਿਖੇ ਹੋਣ ਵਾਲੀਆਂ ਯੋਗਾ ਕਲਾਸਾਂ 30 ਜੂਨ ਤੱਕ ਸਵੇਰੇ 9 ਵਜੇ ਤੋਂ 10 ਵਜੇ ਤੱਕ ਹੋਣਗੀਆਂ, ਜਿਸ ਵਿੱਚ ਟ?ਰੇਨਰ ਬੱਚਿਆਂ ਨੂੰ ਯੋਗਾ ਦੇ ਅਭਿਆਸ ਦੇ ਨਾਲ-ਨਾਲ ਸਰੀਰ 'ਤੇ ਪੈਣ ਵਾਲੇ ਪ੍ਰਭਾਵਾਂ ਤੋਂ ਜਾਣੂ ਕਰਵਾਉਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਕਲਾਸਾਂ ਦਾ ਇੱਕੋ ਇੱਕ ਉਦੇਸ਼ ਇਹ ਹੈ ਕਿ ਹਰ ਬੱਚਾ ਯੋਗਾ ਨੂੰ ਆਪਣੀ ਰੁਟੀਨ ਦਾ ਹਿੱਸਾ ਬਣਾ ਸਕੇ ਅਤੇ ਨਿਯਮਿਤ ਤੌਰ 'ਤੇ ਯੋਗਾ ਕਰਦੇ ਹੋਏ ਆਪਣੇ ਸਰੀਰ ਨੂੰ ਸਿਹਤਮੰਦ ਰੱਖ ਸਕੇ। ਉਨ੍ਹਾਂ ਬੱਚਿਆਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਬਾਲ ਭਵਨ ਪਹੁੰਚਣ ਅਤੇ ਇਨ੍ਹਾਂ ਯੋਗਾ ਕਲਾਸਾਂ ਦਾ ਲਾਭ ਉਠਾਉਣ ਦਾ ਸੱਦਾ ਦਿੱਤਾ।

# ਮਨਰੇਗਾ ਮਜ਼ਦੂਰਾਂ ਦੀਆਂ ਸ਼ਿਕਾਇਤਾਂ ਦਾ ਹੱਲ ਕੀਤਾ ਜਾਵੇਗਾ - ਲੋਕਪਾਲ ਸ਼ਿਵ ਪ੍ਰਸਾਦ

**ਸੋਨੀਪਤ/ਰਜਤ ਕੁਮਾਰ**

ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਯੋਜਨਾ (ਮਨਰੇਗਾ) ਅਧੀਨ ਕੰਮ ਕਰਨ ਵਾਲੇ ਮਜ਼ਦੂਰਾਂ ਦੀਆਂ ਸ਼ਿਕਾਇਤਾਂ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ। ਇਹ ਜਾਣਕਾਰੀ ਲੋਕਪਾਲ ਸ਼ਿਵ ਪ੍ਰਸਾਦ ਨੇ ਦਿੱਤੀ।

ਉਨ੍ਹਾਂ ਦੱਸਿਆ ਕਿ ਲੋਕਪਾਲ ਦਫ਼ਤਰ, ਸੋਨੀਪਤ ਮਨਰੇਗਾ ਨਾਲ ਜੁੜੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਸੁਣਨ ਅਤੇ ਉਨ੍ਹਾਂ ਦਾ ਹੱਲ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਇਹ ਦਫ਼ਤਰ ਦੀ ਜ਼ਿੰਮੇਵਾਰੀ ਵੀ ਹੈ ਕਿ ਉਹ ਮਜ਼ਦੂਰਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕ ਕਰੇ ਅਤੇ ਉਨ੍ਹਾਂ ਨੂੰ ਢੁਕਵੀਂ ਸਹਾਇਤਾ ਪ੍ਰਦਾਨ ਕਰੇ।

ਲੋਕਪਾਲ ਸ਼ਿਵ ਪ੍ਰਸਾਦ ਨੇ ਦੱਸਿਆ ਕਿ ਕੋਈ ਵੀ ਮਨਰੇਗਾ ਮਜ਼ਦੂਰ ਜਿਸ ਨੂੰ ਕੰਮ ਸੰਬੰਧੀ ਕੋਈ ਸਮੱਸਿਆ ਜਾਂ ਸ਼ਿਕਾਇਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਹ ਵਧੀਕ ਡਿਪਟੀ ਕਮਿਸ਼ਨਰ ਦਫ਼ਤਰ ਦੇ ਅਹਾਤੇ ਵਿੱਚ ਸਥਿਤ ਲੋਕਪਾਲ ਦਫ਼ਤਰ (ਕਮਰਾ ਨੰਬਰ 8) ਨਾਲ ਸੰਪਰਕ ਕਰ ਸਕਦਾ ਹੈ।

ਉਨ੍ਹਾਂ ਮਨਰੇਗਾ ਮਜ਼ਦੂਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਰਹਿਣ ਅਤੇ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਨੂੰ ਨਜ਼ਰਅੰਦਾਜ਼ ਨਾ ਕਰਨ।

# ਸਮਰ ਕੈਂਪ ਦੌਰਾਨ ਸੀਹਰਾ ਪਰਿਵਾਰ ਵਲੋਂ ਕਲੱਬ ਨੂੰ 1 ਲੱਖ 5 ਹਜ਼ਾਰ ਰੁਪਏ ਦੀ ਦਿੱਤੀ ਆਰਥਿਕ ਸਹਾਇਤਾ



**ਗੜ੍ਹਸ਼ੰਕਰ /ਰਾਕੇਸ਼ ਕੁਮਾਰ**

ਜਿਥੇ ਸ਼ਹੀਦ-ਏ-ਆਜਮ ਸ.ਭਗਤ ਸਿੰਘ ਫੁੱਟਬਾਲ ਕਲੱਬ ਵੱਲੋਂ ਗੜ੍ਹਸ਼ੰਕਰ ਵਿਖੇ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਦੇ ਮਕਸਦ ਨਾਲ ਸੀਨੀਅਰ ਸੈਕੰਡਰੀ ਸਕੂਲ ਗੜ੍ਹਸ਼ੰਕਰ ਦੀ ਫੁੱਟਬਾਲ ਗਰਾਉਂਡ 'ਚ ਸਮਰ ਫੁੱਟਬਾਲ ਕੋਚਿੰਗ ਕੈਂਪ ਦਾ ਆਯੋਜਨ ਕੀਤਾ ਗਿਆ ਹੈ। ਉਥੇ ਹੀ ਕਲੱਬ ਦੇ ਸਤਿਕਾਰਯੋਗ ਮੈਂਬਰ ਅਵਤਾਰ ਸਿੰਘ ਸੀਹਰਾ ਦੇ ਵਿਸ਼ੇਸ਼ ਯਤਨਾਂ ਸਦਕਾ ਸੀਹਰਾ ਪਰਿਵਾਰ (ਪਾਰੋਵਾਲ) ਵਲੋਂ ਸ਼ਹੀਦ-ਏ-ਆਜਮ ਸ.ਭਗਤ ਸਿੰਘ ਫੁੱਟਬਾਲ ਕਲੱਬ ਨੂੰ 1 ਲੱਖ 5 ਹਜ਼ਾਰ ਰੁਪਏ ਦੀ ਆਰਥਿਕ ਸਹਾਇਤਾ ਦਿੱਤੀ ਗਈ ਹੈ। ਇਸ ਮੌਕੇ ਕਲੱਬ ਦੇ ਪ੍ਰਧਾਨ ਐਡਵੋਕੇਟ ਜਸਵੀਰ ਸਿੰਘ ਰਾਏ ਨੇ ਸਮੂਹ ਸੀਹਰਾ ਪਰਿਵਾਰ ਦਾ ਧੰਨਵਾਦ ਕਰਦਿਆਂ ਕਿਹਾ ਸੀਹਰਾ ਪਰਿਵਾਰ ਵਲੋਂ ਕੀਤੀ ਆਰਥਿਕ ਸਹਾਇਤਾ ਨਾਲ ਬੱਚਿਆਂ ਨੂੰ ਹੋਰ ਜ਼ਿਆਦਾ ਸੁਵਿਧਾਵਾਂ ਦੇਣ ਵਿੱਚ ਮਦਦ ਮਿਲੇਗੀ।

ਐਡਵੋਕੇਟ ਰਾਏ ਨੇ ਦੱਸਿਆ ਕਿ ਨਸ਼ਿਆਂ ਤੋਂ ਬੱਚਿਆਂ ਨੂੰ ਦੂਰ ਰੱਖਣ ਅਤੇ ਖੇਡਾਂ ਨਾਲ ਜੋੜਨ ਦੇ ਉਦੇਸ਼ ਨਾਲ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਕਲੱਬ ਵੱਲੋਂ ਸਮਰ ਕੈਂਪ ਲਗਾਇਆ ਗਿਆ ਹੈ। ਜੋ ਕਿ 2 ਜੂਨ ਤੋਂ 30 ਜੂਨ ਤੱਕ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਗੜ੍ਹਸ਼ੰਕਰ ਦੀ ਫੁੱਟਬਾਲ ਗਰਾਉਂਡ ਵਿਖੇ ਚੱਲੇਗਾ।ਜਿਸ ਵਿੱਚ ਬੱਚਿਆਂ ਨੂੰ ਫੁੱਟਬਾਲ ਕੋਚਾਂ ਵੱਲੋਂ ਰੋਜਾਨਾ ਸ਼ਾਮ ਸਾਢੇ ਪੰਜ ਵਜੇ ਤੋਂ ਸ਼ਾਮ ਸਾਢੇ 7 ਵਜੇ ਤੱਕ ਫੁੱਟਬਾਲ ਦੀ ਮੁਫਤ ਟਰੇਨਿੰਗ ਦਿੱਤੀ ਜਾ ਰਹੀ ਹੈ।

# ਸਰਕਾਰੀ ਮਿਡਲ ਸਕੂਲ ਵਿਖੇ ਮਾਪੇ ਅਧਿਆਪਕ ਮਿਲਣੀ ਹੋਈ



**ਜ਼ੀਰਾ / ਅੰਗਰੇਜ਼ ਬਰਾੜ**

ਮਾਨਯੋਗ ਸਿੱਖਿਆ ਮੰਤਰੀ ਸਰਦਾਰ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਅਤੇ ਮਾਨਯੋਗ ਸ਼੍ਰੀ ਰਜੇਸ਼ ਕੁਮਾਰ ਸਟੇਟ ਅਵਾਰਡੀ ਜ਼ਿਲ੍ਹਾ ਸਿੱਖਿਆ ਅਫਸਰ ਗੁਰਦਾਸਪੁਰ? , ਪ੍ਰਿੰਸੀਪਲ ਮੈਡਮ ਪਰਮਜੀਤ ਕੌਰ (ਪ੍ਰਿੰਸੀਪਲ ਪੀ ਐਮ ਸ੍ਰੀ ਸ ਸ ਸ ਸ ਧੁੱਪਸੜੀ ਅਤੇ ਬੀ ਐੱਨ ਓ ਬਟਾਲਾ -2), ਪ੍ਰਿੰਸੀਪਲ ਮੈਡਮ ਤੇਜਿੰਦਰ ਕੌਰ (ਪ੍ਰਿੰਸੀਪਲ ਪੀ ਐਮ ਸ੍ਰੀ ਸ ਕੰ ਸ ਕੈਂਪ ਲੜਕੀਆਂ ) ਦੀ ਯੋਗ ਅਗਵਾਈ ਹੇਠ ਸਮੇਂ ਸਮੇਂ ਵਿਦਿਆਰਥੀਆਂ ਦੀਆਂ ਗਤੀਵਿਧੀਆਂ ਮਾਪਿਆਂ ਨਾਲ ਸਾਂਝੀਆਂ ਕਰਨ ਲਈ ਮਾਪੇ ਅਧਿਆਪਕ ਮਿਲਣੀ ਕਰਵਾਈ ਜਾਂਦੀ ਹੈ। ਇਸ ਦਾ? ਮਕਸਦ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੇ ਰੁਝਾਨ,ਹੁਨਰ ਦੀ ਘੋਖ ਕਰਕੇ ਸਿੱਖਿਆ ਵਿੱਚ ਦਿਲਚਸਪੀ ਵਧਾਉਣਾ ਹੈ। ਨਵੀਂ ਸਿੱਖਿਆ ਨੀਤੀ 2020 ਤਹਿਤ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਹੀ ਸਿੱਖਿਆ ਦਾ ਅਸਲ ਮਕਸਦ ਹੈ।ਜਿਸ ਵਿੱਚ ਕਿ ਵਿਦਿਆਰਥੀ ਕਲਾ ਹੁਨਰ ਪ੍ਰੋਗਰਾਮ, ਸਮਰ ਕੈਂਪ, ਵਾਤਾਵਰਣ ਸੰਭਾਲ, ਸਾਹਿਤਕ ਰਚਨਾ,ਯੁੱਧ ਨਸ਼ਿਆਂ ਵਿਰੁੱਧ, ਪਲਾਸਟਿਕ ਨੂੰ ਨਾ ਆਦਿ ਹਨ। ਸਰਕਾਰੀ ਮਿਡਲ ਸਕੂਲ ਕੈਂਪ ਲੜਕੇ ਬਟਾਲਾ ਗੁਰਦਾਸਪੁਰ ਵਿਖੇ ਮਾਪੇ ਅਧਿਆਪਕ ਮਿਲਣੀ ਕਰਵਾਈ ਗਈ।ਇਸ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।ਸਮੂਹ ਵਿਸ਼ਾ ਅਧਿਆਪਕਾ ਅਤੇ ਜਮਾਤ ਇੰਚਾਰਜਾਂ ਨੇ ਵਿਦਿਆਰਥੀਆਂ ਦੇ ਰੁਝਾਨਾਂ ਅਤੇ ਜਮਾਤ ਵਿੱਚ ਪ੍ਰੋਗਰੈਸ ਦੱਸੀ। ਸਰਕਾਰੀ ਸਕੂਲਾਂ ਵਿੱਚ ਜਿੱਥੇ ਪੜ੍ਹਾਈ ਰੌਚਕ ਢੰਗ ਨਾਲ ਕਰਵਾਈ ਜਾ ਰਹੀ ਹੈ ਉੱਥੇ ਨਾਲ ਹੀ ਵਿਦਿਆਰਥੀ ਦੇ ਸਰਵਪੱਖੀ ਵਿਕਾਸ ਦਾ ਧਿਆਨ ਰੱਖਿਆ ਜਾਂਦਾ ਹੈ। ਮੈਡਮ ਰਣਜੀਤ ਕੌਰ ਬਾਜਵਾ ਨੇ ਇਸ ਮਿਲਣੀ ਨੂੰ ਛੁੱਟੀਆਂ ਤੋਂ ਪਹਿਲਾਂ ਇੱਕ ਮਹੱਤਵਪੂਰਨ ਉਪਰਾਲਾ ਦੱਸਿਆ।ਇਸ ਰਾਹੀਂ ਅਧਿਆਪਕ ਮਾਪਿਆਂ ਨੂੰ ਬੱਚੇ ਲਈ ਅਭਿਆਸ ਵਾਲੇ ਪੱਖ ਦੱਸ ਕੇ ਉਸ ਵਿੱਚ ਆਤਮ ਵਿਸ਼ਵਾਸ ਭਰਨ ਵਿੱਚ ਕਾਮਯਾਬ ਹੋ ਰਹੇ ਹਨ। ਛੁੱਟੀਆਂ ਅਤੇ ਪੇਪਰਾਂ ਤੋਂ ਪਹਿਲਾਂ ਇਹ ਮਿਲਣੀ ਲਾਹੇਵੰਦ ਰਹੀ। ਉਹਨਾਂ ਦੱਸਿਆ ਕਿ ਇਸ ਨਾਲ ਵਿਦਿਆਰਥੀਆਂ ਅੰਦਰ ਉਤਸ਼ਾਹ ਵਧਿਆ ਹੈ ।

ਮੈਡਮ ਗੁਰਜਿੰਦਰ ਕੌਰ ਨੇ ਦੱਸਿਆ ਕਿ ਮਾਪੇ ਅਧਿਆਪਕ ਮਿਲਣੀ ਦੌਰਾਨ ਵਿਦਿਆਰਥੀਆਂ ਨੂੰ ਵਿਭਾਗੀ ਹਿਦਾਇਤ ਅਨੁਸਾਰ ਲਿਖਤੀ ਸਿੱਖਿਆ ਦਾ ਮਟੀਰੀਅਲ ਵੀ ਵੰਡਿਆ ਗਿਆ। ਮਾਪੇ ਅਧਿਆਪਕ ਮਿਲਣੀ ਵਿੱਚ ਸ੍ਰੀ ਦੀਪਕ ਸੂਰੀ ਬੀ ਆਰ ਸੀ ਅੰਗਰੇਜ਼ੀ ਬਟਾਲਾ -2 ਹਾਜ਼ਰ ਰਹੇ ਉਹਨਾਂ ਵੀ ਵਿਭਾਗੀ ਹਦਾਇਤਾਂ ਸਮੂਹ ਸਟਾਫ਼ ਅਤੇ ਮਾਪਿਆਂ ਨੂੰ ਦੱਸੀਆਂ। ਇਸ ਮੌਕੇ ਸਮੂਹ ਸਟਾਫ਼ ਮੈਡਮ ਗੁਰਜਿੰਦਰ ਕੌਰ,ਮੈਡਮ ਅੰਜੂ, ਸ੍ਰੀ ਵਿਜੈ ਕੁਮਾਰ ,ਮੈਡਮ ਪ੍ਰਦੀਪ ਕੌਰ, ਮੈਡਮ ਸੁਜਾਤਾ , ਸਮੂਹ ਬੱਚਿਆਂ ਦੇ ਮਾਪੇ ਅਤੇ ਐਸ ਐਮ ਸੀ ਮੈਂਬਰ ਹਾਜ਼ਰ ਸਨ ।

# ਥਾਣਾ ਮੇਹਟੀਆਣਾ ਦੀ ਪੁਲਿਸ ਨੇ ਨਸ਼ੀਲੀਆਂ ਗੋਲੀਆ ਸਮੇਤ ਕੀਤਾ ਦੋ ਮੁਲਜਮਾਂ ਨੂੰ ਕਾਬੂ

**ਹੁਸ਼ਿਆਰਪੁਰ/ਤਰਸੇਮ ਦੀਵਾਨਾ**

ਸੰਦੀਪ ਮਲਿਕ ਆਈ.ਪੀ.ਐਸ.ਸੀਨੀਅਰ ਪੁਲਿਸ ਕਪਤਾਨ ਵੱਲੋ ਦਿੱਤੇ ਦਿਸ਼ਾ ਨਿਰਦੇਸਾ ਅਤੇ ਮੁਕੇਸ਼ ਕੁਮਾਰ ਪੀ.ਪੀ.ਐਸ, ਪੁਲਿਸ ਕਪਤਾਨ ਤਫਤੀਸ਼ ਦੀ ਰਹਿਨੁਮਾਈ ਹੇਠ ਨਸ਼ੀਲੀਆ ਵਸਤੂਆ ਦੀ ਸਮੱਗਲਿਗ ਕਰਨ ਵਾਲੇ ਵਿਅਕਤੀਆ ਦੇ ਖਿਲਾਫ ਮੁਹਿੰਮ ਸੁਰੂ ਕੀਤੀ ਹੋਈ ਹੈ । ਇਸ ਮੁਹਿੰਮ ਤਹਿਤ ਪਲਵਿੰਦਰ ਸਿੰਘ ਉਪ ਪੁਲਿਸ ਕਪਤਾਨ ਚੱਬੇਵਾਲ ਦੇ ਦਿਸ਼ਾ ਨਿਰਦੇਸ਼ਾ ਤੇ ਇੰਸਪੈਕਟਰ ਬਲਜੀਤ ਸਿੰਘ ਹੁੰਦਲ ਮੁੱਖ ਅਫਸਰ ਥਾਣਾ ਮੇਹਟੀਆਣਾ ਵੱਲੋਂ ਉਚ ਅਫਸਰਾਂ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਦੇ ਹੋਏ ਦੱਸਿਆ ਕਿ ਏ ਐਸ ਆਈ ਸਤਨਾਮ ਸਿੰਘ ਦੱਸਿਆ ਕਿ ਰਵੀ ਕੁਮਾਰ ਪੰਜਾਬ ਹੋਮ ਗਾਰਡ ਤੇ ਮਹੇਸ਼ ਪਾਲ ਪਿੰਡ ਸਾਹਰੀ ਤੋ ਅਜੜਾਮ ਹੁੰਦੇ ਹੋਏ ਅਰਿਹਾਣਾ ਕਲਾ ਤੇ ਮੇਨ ਰੋਡ ਫਗਵਾੜਾ ਹੁਸ਼ਿਆਰਪੁਰ ਇੱਟਾ ਵਾਲੇ ਭੱਠੇ ਵੱਲ ਨੂੰ ਜਾ ਰਹੇ ਸੀ।

ਤਾ ਦੋ ਵਿਅਕਤੀ ਮੇਨ ਸੜਕ ਵੱਲ ਨੂੰ ਪੈਦਲ ਆਉਂਦੇ ਹੋਏ ਦਿਖਾਈ ਦਿੱਤੇ, ਜਿਨ੍ਹਾ ਨੂੰ ਸ਼ੱਕ ਦੇ ਤੌਰ ਤੇ ਰੁਕਣ ਦਾ ਇਸ਼ਾਰਾ ਕੀਤਾ। ਜੋ ਕਿ ਪੁਲਿਸ ਨੂੰ ਦੇਖ ਕੇ ਯਕਦਮ ਘਬਰਾ ਗਏ ਅਤੇ ਪਿੱਛੇ ਨੂੰ ਮੁੜ ਪਏ ਜਿਸਨੂੰ ਏ.ਐਸ.ਆਈ ਸਤਨਾਮ ਸਿੰਘ ਨੇ ਸਾਥੀ ਕਰਮਚਾਰੀਆ ਦੀ ਮਦਦ ਨਾਲ ਉਹਨਾਂ ਨੂੰ ਕਾਬੂ ਕਰ ਲਿਆ । ਜਿਸਤੇ ਏ.ਐਸ.ਆਈ ਦਿਲਬਾਗ ਸਿੰਘ ਸਮੇਤ ਏ ਐਸ ਆਈ ਰੇਸ਼ਮ ਲਾਲ ਨੇ ਕਾਬੂ ਕੀਤੇ ਹੋਏ ਨੌਜਵਾਨਾ ਦਾ ਨਾਮ ਪਤਾ ਪੁਛਿਆ, ਤਾਂ ਇੱਕ ਨੌਜਵਾਨ ਨੇ ਆਪਣਾ ਨਾਮ ਰਸ਼ਪਾਲ ਸਿੰਘ ਉਰਫ ਗੋਲਾ ਪੁੱਤਰ ਮੋਹਣ ਸਿੰਘ ਅਤੇ ਦੂਸਰੇ ਨੌਜਵਾਨ ਨੇ ਆਪਣਾ ਨਾਮ ਹੁਸਨ ਲਾਲ ਉਰਫ ਗੋਰਾ ਪੁੱਤਰ ਰਾਮ ਪਾਲ

ਦੱਸਿਆ ਤੇ ਉਕਤਾ ਦੀ ਤਲਾਸ਼ੀ ਲੈਣ ਤੇ



220 ਖੁਲੀਆਂ ਨਸ਼ੀਲੀਆਂ ਗੋਲੀਆ ਬ੍ਰਾਮਦ ਹੋਈਆ ਉਹਨਾਂ ਦੱਸਿਆ ਕਿ ਮੁਲਜਮਾਂ ਦੇ ਖਿਲਾਫ ਥਾਣਾ ਮੇਹਟੀਆਣਾ ਵਿਖੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ !

# ਸਿਵਲ ਸਰਜਨ ਵੱਲੋਂ ਜ਼ਿਲੇ ਅੰਦਰ ਚੱਲ ਰਹੇ ਸਿਹਤ ਪ੍ਰੋਗਰਾਮਾਂ ਦੀ ਸਮੀਖਿਆ ਲਈ ਮਹੀਨਾਵਾਰ ਮੀਟਿੰਗ ਆਯੋਜਿਤ



**ਹੁਸ਼ਿਆਰਪੁਰ /ਤਰਸੇਮ ਦੀਵਾਨਾ**

ਸਿਵਲ ਸਰਜਨ ਡਾ. ਪਵਨ ਕੁਮਾਰ ਸ਼ਗੋਤਰਾ ਦੀ ਯੋਗ ਪ੍ਰਧਾਨਗੀ ਹੇਠ ਅੱਜ ਦਫਤਰ ਸਿਵਲ ਸਰਜਨ ਵਿਖੇ ਜ਼ਿਲ੍ਹੇ ਦੇ ਸਮੂਹ ਪ੍ਰੋਗਰਾਮ ਅਫਸਰਾਂ ਅਤੇ ਸੀਨੀਅਰ ਮੈਡੀਕਲ ਅਫਸਰਾਂ ਨਾਲ ਕੌਮੀ ਸਿਹਤ ਪ੍ਰੋਗਰਾਮਾਂ ਸੰਬੰਧੀ ਮਹੀਨਾਵਾਰ ਰੀਵਿਊ ਮੀਟਿੰਗ ਕੀਤੀ ਗਈ। ਜਿਸ ਵਿੱਚ ਜਿਲ੍ਹੇ ਅੰਦਰ ਚੱਲ ਰਹੇ ਸਾਰੇ ਸਿਹਤ ਪ੍ਰੋਗਰਾਮਾਂ ਦੇ ਟੀਚਿਆਂ ਅਤੇ ਪ੍ਰਾਪਤੀਆਂ ਬਾਰੇ ਸਮੀਖਿਆ ਕੀਤੀ ਗਈ।

ਮੀਟਿੰਗ ਦਾ ਆਗਾਜ਼ ਕਰਦਿਆਂ ਸਿਵਲ ਸਰਜਨ ਡਾ ਪਵਨ ਕੁਮਾਰ ਨੇ ਸਮੂਹ ਸੀਨੀਅਰ ਮੈਡੀਕਲ ਅਫਸਰਾਂ ਨੂੰ ਸੰਬੋਧਨ ਦੱਸਿਆ ਕਿ ਜਿਲਾ ਪ੍ਰਸ਼ਾਸਨ ਵੱਲੋਂ ਯੁੱਧ ਵਰਗੀ ਆਪਾਤ ਸਥਿਤੀ ਵਿੱਚ ਸਿਹਤ ਵਿਭਾਗ ਵੱਲੋਂ ਕੀਤੀਆਂ ਤਿਆਰੀਆਂ ਲਈ ਸ਼ਲਾਘਾ ਪੱਤਰ ਦਿੱਤਾ ਗਿਆ ਹੈ, ਜਿਸਦੇ ਲਈ ਇਸ ਸਥਿਤੀ ਦੌਰਾਨ ਡਿਊਟੀ ਨਿਭਾਉਣ ਵਾਲੇ ਸਾਰੇ ਹੀ ਅਧਿਕਾਰੀ ਅਤੇ ਕਰਮਚਾਰੀ ਸ਼ਲਾਘ ਦੇ ਪੱਤਰ ਹਨ।

ਮੀਟਿੰਗ ਦੌਰਾਨ ਸਿਹਤ ਪ੍ਰੋਗਰਾਮਾਂ ਦੀ ਸਮੀਖਿਆ ਕਰਦਿਆਂ ਸਮੂਹ ਸੀਨੀਅਰ ਮੈਡੀਕਲ ਅਫਸਰਾਂ ਨੂੰ ਕਿਹਾ ਕਿ ਗਰਭਵਤੀ ਔਰਤਾਂ ਦੀ ਰਜਿਸਟ?ਰੇਸ਼ਨ, ਚੈਕਅਪ ਅਤੇ ਸੰਪੂਰਨ ਟੀਕਾਕਰਨ ਦੇ ਟੀਚੇ ਪੂਰੇ ਕਰਨ ਵੱਲ ਖਾਸ ਧਿਆਨ ਦਿੱਤਾ ਜਾਵੇ। ਹਰ ਗਰਭਵਤੀ ਔਰਤ ਦਾ 9 ਤਾਰੀਖ ਨੂੰ ਪੀ.ਐਮ.ਐਸ.ਐਮ.ਏ ਵਾਲੇ ਦਿਨ ਮਾਹਰ ਡਾਕਟਰਾਂ ਤੋਂ ਚੈੱਕ ਅੱਪ ਕਰਵਾਉਣਾ ਯਕੀਨੀ ਬਣਾਇਆ ਜਾਵੇ। ਇਸ ਦੌਰਾਨ ਪਹਿਚਾਣ ਕੀਤੀਆਂ ਹਾਈ ਰਿਸਕ ਗਰਭਵਤੀਆਂ ਦਾ ਹਰ ਮਹੀਨੇ 23 ਤਾਰੀਖ ਨੂੰ ਕੀਤੇ ਜਾਂਦੇ ਐਕਸਟੈਂਡਰਡ ਪੀ. ਐਮ.ਐਸ.ਐਮ.ਏ. ਵਾਲੇ ਦਿਨ ਚੈੱਕਅਪ ਜ਼ਰੂਰ ਕੀਤਾ ਜਾਵੇ। ਇਸਦੇ ਨਾਲ ਹੀ ਉਹਨਾਂ ਦਾ ਆਸ਼ਾ ਅਤੇ ਏਐਨਐਮ ਜਰੀਏ ਫਾਲੋਅੱਪ ਕਰਨਾ ਯਕੀਨੀ ਬਣਾਇਆ ਜਾਵੇ।

ਡਿਲਿਵਰੀਆਂ ਪ੍ਰਾਈਵੇਟ ਦੀ ਥਾਂ ਤੇ ਸਰਕਾਰੀ ਸੰਸਥਾਵਾਂ ਵਿੱਚ ਜਿਆਦਾ ਤੋਂ ਜਿਆਦਾ ਹੋਣ ਲਈ ਯੋਗ ਉਪਰਾਲੇ ਕੀਤੇ ਜਾਣੇ ਜਾਣ। ਮੈਟਰਨਲ ਡੈਥ ਨੂੰ ਗੰਭੀਰਤਾ ਨਾਲ ਲਿਆ ਜਾਵੇ ਅਤੇ ਇਸਨੂੰ ਰੋਕਣ ਲਈ ਹਰ ਸੰਭਵ ਯਤਨ ਕੀਤੇ ਜਾਣ।

ਸਿਵਲ ਸਰਜਨ ਨੇ ਆਯੂਸ਼ਮਾਨ ਆਰੋਗਿਆ ਕੇਂਦਰਾਂ 'ਤੇ 30 ਸਾਲ ਤੋਂ ਉਪਰ ਦੇ ਵਿਅਕਤੀਆਂ ਦੀ ਐਨਸੀਡੀ ਸਕਰੀਨਿੰਗ ਯਕੀਨੀ ਬਣਾਉਣ ਅਤੇ ਸਕਰੀਨਿੰਗ ਦੇ ਨਾਲ-ਨਾਲ ਸਭ ਦੀ ਸਿਹਤ ਸੰਬੰਧੀ ਆਭਾ ਆਈਡੀ ਜਰੂਰ ਬਣਾਉਣ ਲਈ ਕੇਂਦਰਾਂ ਦੇ ਸਟਾਫ ਨੂੰ ਜਰੂਰੀ ਨਿਰਦੇਸ਼ ਜਾਰੀ ਕਰਨ ਲਈ ਕਿਹਾ। ਇਸ ਦੌਰਾਨ ਹੀਟ ਵੇਵ ਸਬੰਧਿਤ ਸਮੇਂ ਸਿਰ ਰੋਜ਼ਾਨਾ ਰਿਪੋਰਟ ਆਨਲਾਈਨ ਕਰਨ, ਡੇਂਗੂ ਤੋਂ ਬਚਾਅ ਸਬੰਧਤ ਗਤੀਵਿਧੀਆ ਨੂੰ ਹੋਰ ਸੁਚਾਰੂ ਢੰਗ ਨਾਲ ਕਰਨ ਦੇ ਜਰੂਰੀ ਨਿਰਦੇਸ਼ ਦਿੱਤੇ ਗਏ। ਉਨਾਂ ਕਿਹਾ ਕਿ ਪਰਫਾਰਮੈਂਸ ਦੇ ਹਿਸਾਬ ਨਾਲ ਜਿਹੜੇ ਪੈਰਾਮੀਟਰ ਘੱਟ ਹਨ ਉਹਨਾਂ ਉਪਰ ਫੋਕਸ ਕੀਤਾ ਜਾਵੇ।

# ਮਹਿੰਦਰ ਸੂਦ ਵਿਰਕ ਦਾ ਚੌਥਾ ਕਾਵਿ ਸੰਗ੍ਰਹਿ " ਸੱਚੇ ਸੁੱਚੇ ਹਰ.ਫ " ਰੂਹ ਦੀ ਪਾਰਦਰਸ਼ਤਾ ਦਾ ਦਰਪਣ ਹੈ




**ਹੁਸ਼ਿਆਰਪੁਰ /ਤਰਸੇਮ ਦੀਵਾਨਾ**

ਕਹਿੰਦੇ ਨੇ ਕਿ ਪਰਮਾਤਮਾ ਲਿਖਣ ਦੀ ਕਲਾ ਹਰੇਕ ਨੂੰ ਨਹੀਂ ਬਖਸ਼ਦਾ ਤੇ ਜੇਕਰ ਕਲਮ ਦੀ ਕਲਾ ਰੱਬ ਕਿਸੇ ਨੂੰ ਸੌਂਪਦਾ ਹੈ ਤਾਂ ਉਹ ਉਸਦਾ ਕੋਈ ਖ਼ਾਸ ਅਜ਼ੀਜ਼ ਹੀ ਹੁੰਦਾ ਹੈ। ਇਸ ਕਲਮ ਦੀ ਤਾਕਤ ਨਾਲ ਹੀ ਰੂਹ ਦਾ ਦਰਪਣ ਬਣ ਜਾਂਦਾ ਹੈ ਇੱਕ ਸ਼ਾਇਰ। ਜਜ਼ਬਾਤਾਂ ਨੂੰ ਉਕੇਰਦਾ ਪਾਰਦਰਸ਼ਤਾ ਵਾਲਾ ਦਰਪਣ। ਸੋ ਅਜਿਹੇ ਹੀ ਇੱਕ ਸ਼ਾਇਰ ਲੇਖਕ ਨੂੰ ਆਪ ਜੀ ਦੇ ਰੂਬਰੂ ਕਰਵਾ ਰਹੇ ਹਾਂ। ਜੋ ਜਜ਼ਬਾਤਾਂ ਦੇ ਗਹਿਰੇ ਸਮੁੰਦਰ ਵਿੱਚ ਚੁੱਭੀ ਮਾਰ ਕੇ ਸੋਹਣੇ ਅੱਖਰਾਂ ਨੂੰ ਚੁਣ ਕੇ ਆਪਣੀ ਕਲਮ ਨਾਲ ਨਜ਼ਮਾਂ ਵਿੱਚ ਪਰੋਂਦਾ ਹੈ। ਉਸ ਨਾਮਵਰ ਸ਼ਾਇਰ ਲੇਖਕ ਦਾ ਨਾਮ ਹੈ ਮਹਿੰਦਰ ਸੂਦ ਵਿਰਕ। ਮਹਿੰਦਰ ਸੂਦ ਵਿਰਕ ਇਕ ਉੱਭਰਦਾ ਨਾਮਵਰ ਨੌਜਵਾਨ ਸ਼ਾਇਰ ਹੈ। ਜੋ ਬਹੁਤ ਹੀ ਘੱਟ ਸਮੇਂ ਵਿੱਚ ਚੰਗੇ ਨਾਮਵਰ ਸ਼ਾਇਰ ਲੇਖਕਾਂ ਦੀ ਕਤਾਰ ਵਿੱਚ ਜਾ ਖੜੋਤਾ ਹੈ। ਜਿਸ ਨੇ ਥੋੜ੍ਹੇ ਸਮੇਂ ਵਿੱਚ ਹੀ ਆਪਣੀ ਰੂਹ ਦਾ ਸ਼ੀਸ਼ਾ ਬਣ ਆਪਣੇ ਜਜ਼ਬਾਤਾਂ ਨੂੰ ਟਟੋਲ ਦੀਆਂ ਅਨੇਕਾਂ ਕਾਵਿ ਰਚਨਾਂਵਾਂ ਨੂੰ ਜਨਮ ਦਿੱਤਾ ਅਤੇ ਡਿਜੀਟਲ ਕ੍ਰਾਂਤੀ ਦਾ ਸਹਾਰਾ ਲੈਂਦੇ ਹੋਏ ਉਨ੍ਹਾਂ ਨੂੰ ਪੰਜਾਬੀ ਪਾਠਕਾਂ ਦੀਆਂ ਬਰੂਹਾਂ ਤੱਕ ਪਹੁੰਚਾਇਆ ਹੈ। ਮਹਿੰਦਰ ਸੂਦ ਨੇ ਆਪਣੀਆਂ ਕਾਵਿ ਰਚਨਾਂਵਾਂ ਵਿੱਚ ਆਪਣੀ ਰੂਹ ਤੋਂ ਉਕੀਰੇ ਆਪਣੇ ਜਜ਼ਬਾਤਾਂ ਨੂੰ ਕਿਸੇ ਵੀ ਬੰਦਿਸ਼ ਤੋਂ ਰਹਿਤ ਬਣਾਉਣ ਦਾ ਗੁਰ ਸਿੱਖਿਆ ਹੈ। ਵਿਰਕਾਂ ਪਿੰਡ ਦਾ ਇਹ ਨੌਜਵਾਨ ਸ਼ਾਇਰ ਜਿਸ ਨੇ ਬਹੁਤ ਹੀ ਘੱਟ ਸਮੇਂ ਵਿੱਚ ਹੀ ਆਪਣੇ ਕਾਵਿ ਸੰਗ੍ਰਹਿ ÷ਸੱਚ ਦਾ ਹੋਕਾ÷ , ÷ਸੱਚ ਕੌੜਾ ਆ÷ ਅਤੇ ÷ਸੱਚ ਵਾਂਗ ਕੱਚ÷ ਨੂੰ ਈ-ਬੁੱਕ ਰਾਹੀਂ ਪਾਠਕਾਂ ਦੀ ਝੋਲੀ ਵਿੱਚ ਪਾ ਕੇ ਆਪਣਾ ਨਾਮ ਸਥਾਪਤ ਕਵੀਆਂ ਦੀ ਕਤਾਰ ਵਿੱਚ ਲੈ ਕੇ ਆਂਦਾ ਹੈ। ਮਹਿੰਦਰ ਸੂਦ ਨੇ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਵੀ ਲੇਖਣ ਲੜੀ ਦੇ ਵਹਾਅ ਵਿੱਚ ਤੇਜ਼ੀ ਨੂੰ ਬਰਕਰਾਰ ਰੱਖਿਆ ਹੈ। ਆਪਣੀ ਲਿਖਣ ਦੀ ਚੇਟਕ ਨੂੰ ਕਦੇ ਵੀ ਢਿੱਲਾ ਨਹੀਂ ਪੈਣ ਦਿੱਤਾ ਅਤੇ ਬਿਨਾਂ ਕਿਸੇ ਪ੍ਰਵਾਹ ਦੇ ਆਪਣੀ ਲੇਖਣੀ ਨੂੰ ਮਿਆਰੀ ਰੂਪ ਵਿੱਚ ਪਹੁੰਚਾਇਆ ਹੈ ਅਤੇ ਮਹਿੰਦਰ ਸੂਦ ਦੀਆਂ ਈ ਪੁਸਤਕਾਂ ਨੂੰ ਵੀ ਪਾਠਕਾਂ ਨੇ ਮਣਾਂ ਮੂੰਹੀਂ ਪਿਆਰ ਬਖਸ਼ਿਆ ਹੈ। ਬਸ ਫਿਰ ਇਹ ਸਿਲਸਿਲਾ ਪਰਮਾਤਮਾ ਦੀ ਮਿਹਰ ਅਤੇ ਆਪਣੀ ਮਿਹਨਤ ਸਦਕਾ ਅੱਗੇ ਤੋਰਦਿਆਂ ਹੋਇਆਂ ਇੱਕ ਤੋਂ ਬਾਅਦ ਇੱਕ ਕਾਵਿ ਸੰਗ੍ਰਹਿ ਮਹਿੰਦਰ ਸੂਦ ਪੰਜਾਬੀ ਮਾਂ ਬੋਲੀ ਅਤੇ ਪਾਠਕਾਂ ਦੀ ਝੋਲੀ ਪਾ ਰਿਹਾ ਹੈ। ਮਹਿੰਦਰ ਸੂਦ ਤੋਂ ਸ਼ਾਇਰ ਲੇਖਕ ਮਹਿੰਦਰ ਸੂਦ ਵਿਰਕ ਦਾ ਸਫ਼ਰ ਤੈਅ ਕਰਦਿਆਂ ਇਸ ਨੌਜਵਾਨ ਸ਼ਾਇਰ ਨੂੰ ਆਪਣਾ ਚੌਥਾ ਕਾਵਿ ਸੰਗ੍ਰਹਿ ÷ਸੱਚੇ ਸੁੱਚੇ ਹਰਫ਼÷ ਨੂੰ ਈ ਬੁੱਕ ਦੇ ਰੂਪ ਵਿੱਚ ਪਾਠਕਾਂ ਦੇ ਸਨਮੁੱਖ ਕਰਨ ਦਾ ਮੌਕਾ ਨਸੀਬ ਹੋ ਰਿਹਾ ਹੈ ਅਤੇ ਪੂਰੀ ਉਮੀਦ ਹੈ ਕਿ ਪਾਠਕ ਇਸ ਕਾਵਿ ਸੰਗ੍ਰਹਿ ਨੂੰ ਪਹਿਲਾਂ ਵਰਗਾ ਹੀ ਅਥਾਹ ਪਿਆਰ ਦੇਣਗੇ ਅਤੇ ਇਸ ਦੀ ਕਲਮ ਨੂੰ ਹੋਰ ਸਨੇਹ ਬਖਸ਼ਣਗੇ । ਆਪਣੀ ਪਾਰਦਰਸ਼ਤਾ ਲੇਖਣੀ ਵਾਂਗ ਹੀ ਆਪਣੇ ਕਿਰਦਾਰ ਵਿੱਚ ਵੀ ਪਾਰਦਰਸ਼ੀ ਰਹਿਣ ਵਾਲਾ ਨੌਜਵਾਨ ਸ਼ਾਇਰ,ਲੇਖਕ ਮਹਿੰਦਰ ਸੂਦ ਵਿਰਕ ਬਹੁਤ ਹੀ ਮਿਲਾਪੜਾ, ਮਿਹਨਤੀ ਤੇ ਮਿਲਣਸਾਰ ਹਸਮੁੱਖ ਸ਼ਾਇਰ ਹੈ ਅਤੇ ਆਪਣੀ ਮਿੱਟੀ, ਰੂਹ ਨਾਲ ਜੁੜਿਆ ਰਹਿਣ ਵਾਲਾ ਹੈ। ਜਿਸ ਨੂੰ ਹਰ ਕੋਈ ਦਿਲੀਂ ਮੁੱਹਬਤ ਕਰਦਾ ਹੈ। ਅਜਿਹੇ ਸ਼ਾਇਰ ਦੀਆਂ ਰਚਨਾਵਾਂ, ਮਿਹਨਤ ਤੇ ਕਿਰਦਾਰ ਨੂੰ ਦਿਲੋਂ ਅਸੀਸਾਂ ਦੇਣੀਆਂ ਤਾਂ ਬਣਦੀਆਂ ਹਨ। ਉਮੀਦ ਹੈ ਕਿ ਇਹ ਆਪਣੇ ਜਜ਼ਬਾਤਾਂ ਦੇ ਸਮੁੰਦਰ ਵਿੱਚੋਂ ਚੁੱਭੀਆਂ ਮਾਰ ਇਸੇ ਤਰ੍ਹਾਂ ਸ਼ਬਦਾਂ ਦੀ ਮਾਲਾ ਪਰੋਂਦਾ ਰਹੇਗਾ ਅਤੇ ਕਾਵਿ ਸੰਗ੍ਰਹਿਆਂ ਦੇ ਮਾਧਿਅਮ ਰਾਹੀਂ ਪਾਠਕਾਂ ਤੱਕ ਪਹੁੰਚਾਉਂਦਾ ਰਹੇਗਾ। ਲੇਖਕ ਮਹਿੰਦਰ ਸੂਦ ਵਿਰਕ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਬਹੁਤ ਸਾਰੀਆਂ, ਦੁਆਵਾਂ, ਅਸੀਸਾਂ ਤੇ ਸ਼ੁੱਭਕਾਮਨਾਵਾਂ।

# ਤਰੁਣ ਚੁੱਘ ਨੇ ਸੁਖਦੇਵ ਸਿੰਘ ਢੀਂਡਸਾ ਦੇ ਅਕਾਲ ਚਲਾਣੇ ‘ਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ

## ਢੀਂਡਸਾ ਸਾਬਹ ਨੇ ਹਮੇਸ਼ਾ ਹਿੰਦੂ-ਸਿੱਖ ਏਕਤਾ ਦਾ ਸੰਦੇਸ਼ ਦਿੱਤਾ, ਉਨ੍ਹਾਂ ਦੇ ਜਾਣ ਨਾਲ ਇੱਕ ਯੁੱਗ ਦਾ ਅੰਤ ਹੋਇਆ



**ਚੰਡੀਗੜ੍ਹ**

ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਸ਼੍ਰੀ ਤਰੁਣ ਚੁੱਘ, ਅੱਜ ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਦੇ ਨਿਵਾਸ ਸਥਾਨ ‘ਤੇ ਪਹੁੰਚੇ ਅਤੇ ਉਨ੍ਹਾਂ ਦੇ ਪੁੱਤਰ ਸ਼੍ਰੀ ਪਰਮਿੰਦਰ ਸਿੰਘ ਢੀਂਡਸਾ ਨਾਲ ਮੁਲਾਕਾਤ ਕੀਤੀ ਅਤੇ ਉਹਨਾਂ ਦੇ ਅਕਾਲ ਚਲਾਣੇ ‘ਤੇ ਦੁੱਖ ਸਾਂਝਾ ਕੀਤਾ।

ਢੀਂਡਸਾ ਪਰਿਵਾਰ ਨਾਲ ਡੂੰਘੀ ਹਮਦਰਦੀ ਪ੍ਰਗਟ ਕਰਦੇ ਹੋਏ, ਚੁੱਘ ਨੇ ਕਿਹਾ ਕਿ ਸੁਖਦੇਵ ਸਿੰਘ ਢੀਂਡਸਾ ਨਾ ਸਿਰਫ਼ ਇੱਕ ਤਜਰਬੇਕਾਰ ਅਤੇ ਵਫ਼ਾਦਾਰ ਸਿਆਸਤਦਾਨ ਸਨ, ਸਗੋਂ ਉਹ ਪੰਜਾਬ ਦੀ ਵਿਰਾਸਤ ਦੇ ਪ੍ਰਤੀਕ ਵੀ ਸਨ, ਜੋ ਹਮੇਸ਼ਾ ਹਿੰਦੂ-ਸਿੱਖ ਭਾਈਚਾਰੇ, ਸਮਾਜਿਕ ਸਦਭਾਵਨਾ ਅਤੇ ਰਾਸ਼ਟਰੀ ਏਕਤਾ ਦਾ ਸੰਦੇਸ਼ ਦਿੰਦੇ ਸਨ।

ਉਨ੍ਹਾਂ ਕਿਹਾ, “ਢੀਂਡਸਾ ਜੀ ਦਾ ਜੀਵਨ ਸੇਵਾ, ਸਾਦਗੀ ਅਤੇ ਸਿਧਾਂਤਾਂ ਨਾਲ ਭਰਪੂਰ ਸੀ। ਉਨ੍ਹਾਂ ਨੇ ਹਮੇਸ਼ਾ ਲੋਕਾਂ ਨੂੰ ਜੋੜਨ ਲਈ ਕੰਮ ਕੀਤਾ, ਨਾ ਕਿ ਵੰਡਣ ਲਈ। ਉਨ੍ਹਾਂ ਦੀ ਸ਼ਾਂਤ, ਵਿਚਾਰਸ਼ੀਲ ਅਤੇ ਪਰਿਪੱਕ ਅਗਵਾਈ ਅੱਜ ਦੇ ਸਮੇਂ ਵਿੱਚ ਬਹੁਤ ਘੱਟ ਮਿਲਦੀ ਹੈ। ਚੁੱਘ ਨੇ ਕਿਹਾ ਕਿ ਢੀਂਡਸਾ ਜੀ ਦਾ ਦੇਹਾਂਤ ਨਾ ਸਿਰਫ਼ ਪੰਜਾਬ ਲਈ ਸਗੋਂ ਪੂਰੇ ਦੇਸ਼ ਲਈ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਹੈ। ਉਹ ਇੱਕ ਅਜਿਹੀ ਸ਼ਖਸੀਅਤ ਸਨ ਜਿਨ੍ਹਾਂ ਦਾ ਹਰ ਕੋਈ ਪਾਰਟੀ ਅਤੇ ਵਿਚਾਰਧਾਰਾ ਦੀ ਪਰਵਾਹ ਕੀਤੇ ਬਿਨਾਂ ਸਤਿਕਾਰ ਕਰਦਾ ਸੀ।

ਇਸ ਮੌਕੇ ਤਰੁਣ ਚੁੱਘ ਨੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਆਤਮਾ ਨੂੰ ਸ਼ਾਂਤੀ ਦੇਵੇ ਅਤੇ ਦੁਖੀ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

## ਅਬੂ ਧਾਬੀ ਘਟਨਾ ’ਤੇ ਬ੍ਰਹਮਪੁਰਾ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਅਪੀਲ

# ਸਿੱਖ ਕੱਕਾਰਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਤੁਰੰਤ ਕਾਰਵਾਈ ਦੀ ਮੰਗ

**ਤਰਨ ਤਾਰਨ**

ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ, ਹਲਕਾ ਖਡੂਰ ਸਾਹਿਬ ਤੋਂ ਸਾਬਕਾ ਵਿਧਾਇਕ ਅਤੇ ਪੰਜਾਬ ਰੂਰਲ ਡਿਵੈਲਪਮੈਂਟ ਸੁਸਾਇਟੀ ਦੇ ਚੇਅਰਮੈਨ, ਰਵਿੰਦਰ ਸਿੰਘ ਬ੍ਰਹਮਪੁਰਾ ਨੇ ਅੱਜ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਇੱਕ ਰਸਮੀ ਪੱਤਰ ਲਿਖ ਕੇ ਅਬੂ ਧਾਬੀ (ਯੂ.ਏ.ਈ.) ਵਿਖੇ ਇੱਕ ਅੰਮ੍ਰਿਤਧਾਰੀ ਸਿੱਖ, ਸ੍ਰ. ਦਲਵਿੰਦਰ ਸਿੰਘ, ਨਾਲ ਹੋਏ ਦੁਰਵਿਵਹਾਰ ਅਤੇ ਸਿੱਖ ਕੱਕਾਰਾਂ ਦੀ ਘੋਰ ਬੇਅਦਬੀ ਦੀ ਘਟਨਾ ਦਾ ਸਖ਼ਤ ਨੋਟਿਸ ਲੈਣ ਅਤੇ ਇਸ ਮਾਮਲੇ ਵਿੱਚ ਤੁਰੰਤ ਦਖ਼ਲ ਦੇਣ ਦੀ ਪੁਰਜ਼ੋਰ ਅਪੀਲ ਕੀਤੀ ਹੈ।

ਇਸ ਸਬੰਧੀ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਸ੍ਰ. ਬ੍ਰਹਮਪੁਰਾ ਨੇ ਕਿਹਾ, ÷ਅਬੂ ਧਾਬੀ ਵਿੱਚ ਸ੍ਰ. ਦਲਵਿੰਦਰ ਸਿੰਘ ਨਾਲ ਵਾਪਰੀ ਘਟਨਾ, ਜਿਸ ਵਿੱਚ ਉਨ੍ਹਾਂ ਨੂੰ ਸ੍ਰੀ ਸਾਹਿਬ ਕਾਰਨ ਗ੍ਰਿਫ਼ਤਾਰ ਕਰਕੇ, ਦਸਤਾਰ ਅਤੇ ਕੱਕਾਰ ਉਤਰਵਾ ਕੇ ਅਣਮਨੁੱਖੀ ਸਲੂਕ ਕੀਤਾ ਗਿਆ, ਅਤਿ ਨਿੰਦਣਯੋਗ ਹੈ। ਇਸਨੇ ਸਿੱਖ ਹਿਰਦਿਆਂ ਨੂੰ ਡੂੰਘੀ ਠੇਸ ਪਹੁੰਚਾਈ ਹੈ ਅਤੇ ਇਹ ਸਿੱਖਾਂ ਦੀ ਧਾਰਮਿਕ ਆਜ਼ਾਦੀ ’ਤੇ ਸਿੱਧਾ ਹਮਲਾ ਹੈ।

ਉਨ੍ਹਾਂ ਦੱਸਿਆ ਕਿ ਪੀੜਤ ਸਿੱਖ ਨੂੰ ਲਗਭਗ 20 ਦਿਨ ਅਣਮਨੁੱਖੀ ਹਾਲਾਤਾਂ ਵਿੱਚ ਨਜ਼ਰਬੰਦ ਰੱਖਿਆ ਗਿਆ, ਮਾਨਸਿਕ ਤੌਰ ’ਤੇ ਪ੍ਰੇਸ਼ਾਨ ਕੀਤਾ ਗਿਆ ਅਤੇ ਬਿਨਾਂ ਦਸਤਾਰ ਦੇ ਭਾਰਤ ਵਾਪਸ ਭੇਜਿਆ ਗਿਆ, ਜੋ ਅਸਹਿ ਅਪਮਾਨ ਹੈ। ਅਜਿਹਾ ਕਿਉਂ ਹੋਇਆ, ਇਸਦੀ ਤਹਿ ਤੱਕ ਜਾਣਾ ਅਤੇ ਕਾਰਨਾਂ ਨੂੰ ਜਾਨਣਾ



ਬੇਹੱਦ ਜ਼ਰੂਰੀ ਹੈ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ।

ਸ੍ਰ. ਬ੍ਰਹਮਪੁਰਾ ਨੇ ਜ਼ੋਰ ਦਿੱਤਾ ਕਿ ਦਸਤਾਰ ਅਤੇ ਪੰਜ ਕੱਕਾਰ ਸਿੱਖ ਦੀ ਆਨ ਤੇ ਸ਼ਾਨ ਹਨ। ਵਿਦੇਸ਼ਾਂ ਵਿੱਚ ਅਜਿਹੀਆਂ ਘਟਨਾਵਾਂ ਦਾ ਮੁੜ ਵਾਪਰਨਾ ਅਤਿ ਚਿੰਤਾਜਨਕ ਹੈ ਅਤੇ ਸਿੱਖ ਕੱਕਾਰਾਂ ਦੀ ਮਹੱਤਤਾ ਤੇ ਸਤਿਕਾਰ ਨੂੰ ਵਿਸ਼ਵ ਭਰ ਵਿੱਚ ਯਕੀਨੀ ਬਣਾਉਣ ਲਈ ਪੰਥਕ ਪੱਧਰ ’ਤੇ ਠੋਸ ਕਦਮ ਚੁੱਕਣ ਦੀ ਫੌਰੀ ਲੋੜ ਹੈ।

ਆਪਣੇ ਪੱਤਰ ਵਿੱਚ ਸ੍ਰ. ਬ੍ਰਹਮਪੁਰਾ ਨੇ ਸਿੰਘ ਸਾਹਿਬ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਜੀ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਇਸ ਘਟਨਾ ਦੀ ਸਖ਼ਤ ਨਿਖੇਧੀ ਕਰਦਿਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਪ੍ਰਮੁੱਖ ਸਿੱਖ ਸੰਸਥਾਵਾਂ ਨੂੰ ਇਹ ਮਾਮਲਾ ਭਾਰਤ ਤੇ ਯੂ.ਏ.ਈ. ਸਰਕਾਰਾਂ ਕੋਲ ਉਠਾ ਕੇ ਭਵਿੱਖੀ ਰੋਕਥਾਮ ਲਈ ਠੋਸ ਕਦਮ ਚੁੱਕਣ ਦਾ ਆਦੇਸ਼ ਦੇਵੇ। ਉਨ੍ਹਾਂ ਭਾਰਤ ਸਰਕਾਰ ਤੋਂ ਵਿਦੇਸ਼ਾਂ ਵਿੱਚ ਸਿੱਖਾਂ ਦੇ ਧਾਰਮਿਕ ਹੱਕਾਂ ਤੇ ਕੱਕਾਰਾਂ ਦੀ ਸੁਰੱਖਿਆ ਲਈ ਸਥਾਈ ਕੂਟਨੀਤਕ ਨੀਤੀ ਬਣਾਉਣ ਦੀ ਮੰਗ ਕੀਤੀ ਹੈ। ਨਾਲ ਹੀ, ਪੰਥਕ ਜਥੇਬੰਦੀਆਂ ਨੂੰ ਕੱਕਾਰਾਂ ਦੀ ਮਹੱਤਤਾ ਤੇ ਸਤਿਕਾਰ ਨੂੰ ਵਿਸ਼ਵ ਪੱਧਰ ’ਤੇ ਦ੍ਰਿੜ ਕਰਵਾਉਣ ਲਈ ਯੋਜਨਾਬੱਧ ਕਾਰਜ ਕਰਨ ਅਤੇ ਪੀੜਤ ਸ੍ਰ. ਦਲਵਿੰਦਰ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਨੂੰ ਪੰਥ ਵੱਲੋਂ ਹਰ ਸੰਭਵ ਸਹਾਇਤਾ ਦੇਣ ਦੀ ਵੀ ਬੇਨਤੀ ਕੀਤੀ।

ਸ੍ਰ. ਬ੍ਰਹਮਪੁਰਾ ਨੇ ਆਸ ਪ੍ਰਗਟਾਈ ਕਿ ਸਿੱਖ ਪੰਥ ਦੀ ਸਰਵਉੱਚ ਸੰਸਥਾ, ਸ੍ਰੀ ਅਕਾਲ ਤਖ਼ਤ ਸਾਹਿਬ, ਇਸ ਗੰਭੀਰ ਮਸਲੇ ’ਤੇ ਤੁਰੰਤ ਕਾਰਵਾਈ ਕਰਕੇ ਪੰਥ ਦੀ ਅਗਵਾਈ ਕਰੇਗਾ ਤਾਂ ਜੋ ਵਿਸ਼ਵ ਭਰ ਵਿੱਚ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ ਦਾ ਸਤਿਕਾਰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇਸ ਮੁੱਦੇ ’ਤੇ ਆਵਾਜ਼ ਬੁਲੰਦ ਕਰਦਾ ਰਹੇਗਾ।

# ਪਾਣੀ ਦੀ ਬਚਤ ਕਰਨ ਦੀ ਬੇਹੱਦ ਜਰੂਰਤ : ਸ਼ਿਵਮ ਸ਼ਰਮਾ

**ਜ਼ੀਰਾ / ਅੰਗਰੇਜ਼ ਬਰਾੜ**

ਇਸ ਵਕਤ ਕਿਸਾਨਾਂ ਵੱਲੋਂ ਆਪਣੇ ਖੇਤਾਂ ਵਿੱਚ ਝੋਨਾ ਲਗਾਉਣਾ ਸ਼ੁਰੂ ਕਰ ਦਿੱਤਾ ਹੈ! ਇਹ ਸਾਰੇ ਹੀ ਜਾਣਦੇ ਹਨ ਕਿ ਝੋਨਾ ਲੱਗਣ ਵੇਲੇ ਅਤੇ ਝੋਨਾ ਲੱਗਣ ਤੋਂ ਬਾਅਦ ਝੋਨਾ ਅਤੇ ਝੋਨੇ ਦੇ ਪੱਕਣ ਤੱਕ ਝੋਨੇ ਨੂੰ ਬੇਹੱਦ ਪਾਣੀ ਚਾਹੀਦਾ ਹੈ, ਪਰ ਸਾਨੂੰ ਸਭ ਨੂੰ ਬਚਤ ਕਰਨੀ ਚਾਹੀਦੀ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਟੀਬੀਐਸ ਇੰਟਰਨੈਸ਼ਨਲ ਸਕੂਲ ਫਿਰੋਜ ਸ਼ਾਹ ਦੇ ਜਨਰਲ ਸੈਕਟਰੀ ਸ੍ਰੀ ਸ਼ਿਵਮ ਸ਼ਰਮਾ ਨੇ ਫਿਰੋਜਪੁਰ ਵਿਖੇ ਪੱਤਰਕਾਰਾਂ ਕੋਲ ਕੀਤਾ। ਉਹਨਾਂ ਕਿਹਾ ਕਿ ਮਹਿਰਾਂ ਅਨੁਸਾਰ ਪਾਣੀ ਥੋੜੇ ਸਾਲਾਂ ਦਾ ਹੀ ਰਹਿ ਗਿਆ ਹੈ, ਜੇਕਰ ਅਸੀਂ ਪਾਣੀ ਦੀ ਸੰਭਾਲ ਨਾ ਕੀਤੀ ਤਾਂ ਸਾਡੀਆਂ ਆਉਣ ਵਾਲੀਆਂ ਪੀੜੀਆਂ ਨੂੰ ਪਾਣੀ ਨਹੀਂ ਮਿਲੇਗਾ। ਸ਼ਿਵਮ ਸ਼ਰਮਾ ਨੇ ਅੱਗੇ



ਕਿਹਾ ਕਿ ਬਹੁਤ ਸਾਰੇ ਲੋਕ ਪਾਣੀ ਦੀ ਅਹਿਮੀਅਤ ਨਾ ਸਮਝਦੇ ਹੋਏ ਅਨੇਕਾਂ ਵਾਰ ਟੂਟੀਆਂ ਵੀ ਚਲਦੀਆਂ ਛੱਡ ਦਿੰਦੇ ਹਨ। ਉਹਨਾਂ ਕਿਹਾ ਕਿ ਸਾਡੇ ਗੁਰੂ ਸਾਹਿਬਾਨ ਵੱਲੋਂ ਵੀ ਪਾਣੀ ਦੀ ਅਹਿਮੀਅਤ ਸਮਝਦੇ ਹੋਏ ÷ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤ, ਕਿਹਾ ਗਿਆ ਹੈ। ਸ੍ਰੀ ਸ਼ਰਮਾ ਨੇ ਕਿਹਾ ਕਿ ਪਾਣੀ ਦੇ ਨਾਲ ਹੀ ਸਾਡਾ ਜੀਵਨ ਹੈ ਇਸ ਲਈ ਸਾਨੂੰ ਪਾਣੀ ਦੀ ਬਚਤ ਕਰਨ ਦੀ ਬੇਹੱਦ ਜਰੂਰਤ ਹੈ।

# ਫਰਨੀਚਰ ਮਾਰਕੀਟ, ਬਲਟਾਣਾ ਵਿਖੇ ਜੀ ਐਸ ਟੀ ਸਮਾਧਾਨ ਕੈਂਪ ਦਾ ਅਯੋਜਨ ਕੀਤਾ ਗਿਆ

**ਜ਼ੀਰਕਪੁਰ /ਅਸ਼ੋਕ ਜੋਸ਼ੀ**

ਫਰਨੀਚਰ ਮਾਰਕੀਟ ਵੈਲਫੇਅਰ ਐਸੋਸੀਏਸ਼ਨ, ਬਾਲਟਾਣਾ ਵੱਲੋਂ ਅੱਜ ਈਟੀਓ ਵਿਭਾਗ, ਮੋਹਾਲੀ ਦੇ ਸਹਿਯੋਗ ਨਾਲ ਸਿੰਗਲਾ ਫਰਨੀਚਰ ਪਾਰਕਿੰਗ ਵਿੱਚ ਇੱਕ ਵਿਸ਼ੇਸ਼ ਜੀਐਸਟੀ ਸਮਾਧਾਨ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਵਿੱਚ, ਈਟੀਓ ਮੈਡਮ ਮਨਮੀਤ ਕੌਰ ਅਤੇ ਉਨ੍ਹਾਂ ਦੀ ਟੀਮ ਨੇ ਨਿੱਜੀ ਤੌਰ ’ਤੇ ਪਹੁੰਚ ਕੇ ਵਪਾਰੀਆਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਦਾ ਹੱਲ ਕੀਤਾ।




ਇਸ ਕੈਂਪ ਵਿੱਚ, ਵਪਾਰੀਆਂ ਨੂੰ ਨਵੀਂ ਜੀਐਸਟੀ ਰਜਿਸਟ ?ਰੇਸ਼ਨ , ਜੀਐਸਟੀ ਸੋਧ/ਅੱਪਡੇਟ (ਪਤਾ, ਮੋਬਾਈਲ, ਈਮੇਲ, ਬੈਂਕ ਆਦਿ) , ਜੀਐਸਟੀ ਰਿਟਰਨ ਫਾਈਲਿੰਗ ਅਤੇ ਨੋਟਿਸ ਨਾਲ ਸਬੰਧਤ ਹੱਲ , ਵਿਭਾਗੀ ਨੋਟਿਸਾਂ ਦੇ ਜਵਾਬ ਲਈ ਮਾਰਗਦਰਸ਼ਨ , ਲੰਬਿਤ ਸਵਾਲਾਂ/ਮਸਲਿਆਂ ਸਬੰਧੀ ਸਹਾਇਤਾ ਪ੍ਰਦਾਨ ਕੀਤੀ ਗਈ।

ਕੈਂਪ ਵਿੱਚ ਇੱਕ ਚਾਰਟਰਡ ਅਕਾਊਂਟੈਂਟ ਵੀ ਮੌਜੂਦ ਸੀ, ਜਿਸਨੇ ਵੱਲੋਂ ਤੁਰੰਤ ਦਸਤਾਵੇਜ਼ਾਂ ਦੀ ਜਾਂਚ ਕੀਤੀ ਗਈ ਅਤੇ ਵਪਾਰੀਆਂ ਦੀ ਰਜਿਸਟ ?ਰੇਸ਼ਨ ਅਤੇ ਸੋਧ ਦਾ ਕੰਮ ਮੌਕੇ ’ਤੇ ਹੀ ਪੂਰਾ ਕੀਤਾ ਗਿਆ।

ਇਸ ਮੌਕੇ ਫਰਨੀਚਰ ਮਾਰਕੀਟ ਦੇ ਬਹੁਤ ਸਾਰੇ ਵਪਾਰੀ ਮੌਜੂਦ ਸਨ ਜਿਨਾਂ ਵੱਲੋਂ ਵਿਭਾਗ ਵੱਲੋਂ ਕੀਤੇ ਜਾ ਰਹੇ ਇਸ ਸੁਵਿਧਾਜਨਕ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ । ਪ੍ਰੋਗਰਾਮ ਤੋਂ ਬਾਅਦ, ਸਾਰੇ ਅਧਿਕਾਰੀਆਂ ਅਤੇ ਵਪਾਰੀਆਂ ਵਿਚਕਾਰ ਗੱਲਬਾਤ ਦਾ ਇੱਕ ਵਿਸ਼ੇਸ਼ ਸੈਸ਼ਨ ਵੀ ਆਯੋਜਿਤ ਕੀਤਾ ਗਿਆ, ਜਿਸ ਵਿੱਚ ਜੀਐਸਟੀ ਨਾਲ ਸਬੰਧਤ ਜ਼ਮੀਨੀ ਪੱਧਰ ਦੀਆਂ ਸਮੱਸਿਆਵਾਂ ’ਤੇ ਖੁੱਲ੍ਹ ਕੇ ਚਰਚਾ ਕੀਤੀ ਗਈ।

ਫਰਨੀਚਰ ਮਾਰਕੀਟ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸ਼੍ਰੀ ਸੁਮਿਤ ਸਿੰਘਲ ਨੇ ਵਿਭਾਗੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਕੈਂਪ ਨਾ ਸਿਰਫ਼ ਵਪਾਰੀਆਂ ਨੂੰ ਜਾਗਰੂਕ ਕਰਦੇ ਹਨ, ਸਗੋਂ ਉਨ੍ਹਾਂ ਨੂੰ ਕਾਨੂੰਨੀ ਤੌਰ ’ਤੇ

# ਮੋਹਾਲੀ ਦੇ ਪਿੰਡ ਚਟੌਲੀ ਕਲਾਂ ਵਿੱਚ ਨਸ਼ਾ ਤਸਕਰ ਦੀ ਪੰਚਾਇਤੀ ਜ਼ਮੀਨ ’ਤੇ ਗੈਰ-ਕਾਨੂੰਨੀ ਉਸਾਰੀ ਢਾਹੀ ਗਈ

**ਮੋਹਾਲੀ/ਅਸ਼ੋਕ ਜੋਸ਼ੀ**

ਨਸ਼ਾ ਤਸਕਰਾਂ ’ਤੇ ਕਾਰਵਾਈ ਨੂੰ ਤੇਜ਼ ਕਰਨ ਅਤੇ ਮਿਸਾਲੀ ਬਣਾਉਣ ਲਈ ਚੱਲ ਰਹੀ ਰਾਜ ਪੱਧਰੀ ਮੁਹਿੰਮ ‘ਯੁੱਧ ਨਸ਼ਿਆਂ ਵਿਰੁਧ’ ਦੇ ਹਿੱਸੇ ਵਜੋਂ, ਐਸ ਏ ਐਸ ਨਗਰ ਪੁਲਿਸ ਨੇ ਬੁੱਧਵਾਰ ਨੂੰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਤਾਲਮੇਲ ਨਾਲ, ਥਾਣਾ ਸਦਰ ਕੁਰਾਲੀ ਦੇ ਅਧਿਕਾਰ ਖੇਤਰ ਅਧੀਨ ਪਿੰਡ ਚਟੌਲੀ ਕਲਾਂ ਵਿੱਚ ਨਸ਼ਾ ਤਸਕਰ ਵਲੋਂ ਪੰਚਾਇਤੀ ਜ਼ਮੀਨ ’ਤੇ ਗੈਰ-ਕਾਨੂੰਨੀ ਉਸਾਰੀ ਢਾਹੁਣ ਦੀ ਮੁਹਿੰਮ ਚਲਾਈ।

ਬੁੱਧਵਾਰ ਨੂੰ ਕੀਤੀ ਗਈ ਇਹ ਕਾਰਵਾਈ ਐਸ ਐਸ ਪੀ ਐਸ ਏ ਐਸ ਨਗਰ, ਹਰਮਨਦੀਪ ਸਿੰਘ ਹਾਂਸ ਦੇ ਨਿਰਦੇਸ਼ਾਂ ’ਤੇ ਅਮਲ ਕਰਦਿਆਂ ਡੀ ਐਸ ਪੀ ਮੁੱਲਾਂਪੁਰ ਮੋਹਿਤ ਅਗਰਵਾਲ ਅਤੇ ਐਸ ਐਚ ਓ ਗੌਰਵਬੰਸ ਸਿੰਘ ਦੀ ਅਗਵਾਈ ਹੇਠ ਕੀਤੀ ਗਈ।



ਡੀ ਐਸ ਪੀ ਅਗਰਵਾਲ ਨੇ ਦੱਸਿਆ ਕਿ ਢਾਹਿਆ ਗਿਆ ਢਾਂਚਾ ਪਿੰਡ ਦੀ ਫਿਰਨੀ (ਪੰਚਾਇਤ ਜ਼ਮੀਨ) ’ਤੇ ਪਿੰਡ ਦੇ ਹੀ ਵਸਨੀਕ ਇੱਕ ਨਸ਼ਾ ਤਸਕਰ, ਦਿਲਪ੍ਰੀਤ ਸਿੰਘ, ਦੁਆਰਾ ਗੈਰ-ਕਾਨੂੰਨੀ ਤੌਰ ’ਤੇ ਬਣਾਇਆ ਗਿਆ ਸੀ, ਜੋ ਇਸ ਸਮੇਂ ਐਨ ਡੀ ਪੀ ਐਸ ਮੁਕੱਦਮੇ ਦਾ ਸਾਹਮਣਾ ਕਰ ਰਿਹਾ ਹੈ ਅਤੇ ਹਿਰਾਸਤ ਵਿੱਚ ਹੈ। ਦੋਸ਼ੀ ਛੇ ਅਪਰਾਧਿਕ ਮਾਮਲਿਆਂ ਵਿੱਚ ਸ਼ਾਮਲ ਹੈ, ਜਿਨ੍ਹਾਂ ਵਿੱਚ ਚਾਰ ਐਨ ਡੀ ਪੀ ਐਸ ਐਕਟ ਅਧੀਨ ਹਨ, ਜੋ ਰੋਪੜ ਅਤੇ ਮੋਹਾਲੀ ਜ਼ਿਲ੍ਹਿਆਂ ਵਿੱਚ ਦਰਜ ਹਨ।

ਸਭ ਤੋਂ ਗੰਭੀਰ ਦੋਸ਼ਾਂ ਵਿੱਚੋਂ ਇੱਕ ਵਿੱਚ, ਦਿਲਪ੍ਰੀਤ ਸਿੰਘ ’ਤੇ 29 ਮਈ, 2022 ਨੂੰ ਸਦਰ ਕੁਰਾਲੀ ਪੁਲਿਸ ਸਟੇਸ਼ਨ ਵਿੱਚ ਐਨ ਡੀ ਪੀ ਐਸ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ, ਜਿਸ ਚ 445 ਗ੍ਰਾਮ ਹੈਰੋਇਨ ਬਰਾਮਦ ਹੋਈ ਸੀ। ਡੀ ਐਸ ਪੀ ਅਗਰਵਾਲ ਨੇ ਕਿਹਾ ਕਿ ਇਹ ਕਾਰਵਾਈ ਨਸ਼ਾ ਤਸਕਰੀ ਵਿਰੁੱਧ ਪੰਜਾਬ ਸਰਕਾਰ ਦੀ ਜ਼ੀਰੋ-ਟੌਲਰੈਂਸ ਨੀਤੀ ਨੂੰ ਉਜਾਗਰ ਕਰਦੀ ਹੈ।

ਉਨ੍ਹਾਂ ਅੱਗੇ ਕਿਹਾ ਕਿ ਇਹ ਢਾਹੁਣ ਦੀ ਕਾਰਵਾਈ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਲੋਕਾਂ ਲਈ ਇੱਕ ਸਖ਼ਤ ਸੰਦੇਸ਼ ਹੈ। ਇਹ ਮੁਹਿੰਮ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡੀ ਜੀ ਪੀ ਪੰਜਾਬ ਗੌਰਵ ਯਾਦਵ ਦੁਆਰਾ ਅਗਵਾਈ ਕੀਤੀ ਗਈ ਵੱਡੀ ਨਸ਼ਾ ਵਿਰੋਧੀ ਪਹਿਲਕਦਮੀ ਦਾ ਹਿੱਸਾ ਹੈ, ਜਿਸਦਾ ਉਦੇਸ਼ ਰਾਜ ਵਿੱਚੋਂ ਨਸ਼ਾਖੋਰੀ ਨੂੰ ਖਤਮ ਕਰਨਾ ਹੈ।

ਐਸ ਐਸ ਪੀ ਹਰਮਨਦੀਪ ਸਿੰਘ ਹੰਸ ਨੇ ਵੀ ਨਸ਼ਾ ਤਸਕਰਾਂ ਨੂੰ ਸਖ਼ਤ ਚਿਤਾਵਨੀ ਜਾਰੀ ਕਰਦਿਆਂ, ਉਨ੍ਹਾਂ ਨੂੰ ਆਪਣੀਆਂ ਗੈਰ-ਕਾਨੂੰਨੀ ਗਤੀਵਿਧੀਆਂ ਬੰਦ ਕਰਨ ਜਾਂ ਇਸੇ ਤਰ੍ਹਾਂ ਦੇ ਨਤੀਜੇ ਭੁਗਤਣ ਲਈ ਤਿਆਰ ਰਹਿਣ ਦੀ ਤਾਕੀਦ ਕੀਤੀ। ਉਨ੍ਹਾਂ ਨੇ ਨਸ਼ਾ ਤਸਕਰੀ ਨੂੰ ਖਤਮ ਕਰਨ ਅਤੇ ਜ਼ਿੰਮੇਵਾਰ ਲੋਕਾਂ ਨੂੰ ਸਜ਼ਾ ਦੇਣ ਲਈ ਰਾਜ ਤੇ ਜ਼ਿਲ੍ਹਾ ਪੁਲਿਸ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਇਆ।

ਸਥਾਨਕ ਨਿਵਾਸੀਆਂ ਅਤੇ ਸਰਪੰਚ ਗੁਰਪ੍ਰੀਤ ਸਿੰਘ ਦੁਆਰਾ ਇਸ ਕਾਰਵਾਈ ਦੀ ਵਿਆਪਕ ਤੌਰ ’ਤੇ ਸ਼ਲਾਘਾ ਕੀਤੀ ਗਈ ਤੇ ਉਨ੍ਹਾਂ ਨੇ ਨਸ਼ਿਆਂ ਵਿਰੁੱਧ ਜੰਗ ਵਿੱਚ ਨਿਰੰਤਰ ਯਤਨਾਂ ਲਈ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ ਕੀਤਾ।

ਡੀ ਐਸ ਪੀ ਅਗਰਵਾਲ ਨੇ ਅੱਗੇ ਦੱਸਿਆ ਕਿ, ਹਾਲ ਹੀ ਦੇ ਮਹੀਨਿਆਂ ਵਿੱਚ, ਮੁੱਲਾਂਪੁਰ ਪੁਲਿਸ ਸਬ-ਡਵੀਜ਼ਨ ਨੇ 40 ਐਫ ਆਈ ਆਰਜ਼ ਦੇ ਸਬੰਧ ਵਿੱਚ 70 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਵਿੱਚੋਂ ਕਈ ਦੋਸ਼ੀਆਂ ਨੂੰ ਇਲਾਜ ਲਈ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰ ਵਿੱਚ ਭੇਜਿਆ ਗਿਆ ਹੈ।

ਇਸ ਤੋਂ ਇਲਾਵਾ, ਪੁਲਿਸ ਨੇ ਐਨ ਡੀ ਪੀ ਐਸ ਐਕਟ ਦੀ ਧਾਰਾ 68-ਐਫ ਦੇ ਤਹਿਤ ਕਾਰਵਾਈ ਸ਼ੁਰੂ ਕੀਤੀ ਹੈ, ਜਿਸ ਦੇ ਨਤੀਜੇ ਵਜੋਂ ਵਾਹਨ ਕੁਰਕ/ਫ ?ਰੀਜ਼ ਕਰਨ ਦੇ ਦੋ ਮਾਮਲੇ ਅਤੇ ਜਾਇਦਾਦ ਨਾਲ ਸਬੰਧਤ ਇੱਕ ਮਾਮਲਾ ਮਨਜ਼ੂਰੀ ਲਈ ਸਮਰੱਥ ਅਥਾਰਟੀ ਨੂੰ ਭੇਜਿਆ ਗਿਆ ਹੈ। ਇਹ ਸਾਰੀ ਚਲ ਅਤੇ ਅਚਲ ਜਾਇਦਾਦ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੀ ਕਮਾਈ ਵਜੋਂ ਸ਼ਨਾਖਤ ਕੀਤੀ ਗਈ ਹੈ।

ਇਸ ਮੌਕੇ ਡਿਊਟੀ ਮੈਜਿਸਟ ?ਰੇਟ ਵਜੋਂ ਨਾਇਬ ਤਹਿਸੀਲਦਾਰ ਮਾਜਰੀ ਰਾਜਵੀਰ ਸਿੰਘ ਮਰਵਾਹ ਅਤੇ ਪੰਚਾਇਤ ਅਫ਼ਸਰ ਬਲਾਕ ਮਾਜਰੀ ਮਨਦੀਪ ਸਿੰਘ ਵੀ ਮੌਜੂਦ ਸਨ।

# ਰਾਗੀ ਭਾਈ ਇੰਦਰਜੀਤ ਸਿੰਘ ਖਾਲਸਾ ਦੇ ਦੇਹਾਂਤ ਤੇ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਗਹਿਰਾ ਅਫਸੋਸ ਪ੍ਰਗਟ ਕੀਤਾ

**ਅੰਮ੍ਰਿਤਸਰ**

ਸਿੱਖ ਪੰਥ ਦੇ ਮਹਾਨ ਕੀਰਤਨੀਏ ਭਾਈ ਇੰਦਰਜੀਤ ਸਿੰਘ ਖਾਲਸਾ ਜੋ ਪ੍ਰਚਾਰ ਦੌਰੇ ਤੇ ਅਮਰੀਕਾ ਤੋਂ ਇੰਗਲੈਂਡ ਗਏ ਹੋਏ ਸਨ ਉਥੇ ਦਿਲ ਦਾ ਦੌਰਾ ਪੈ ਜਾਣ ਕਾਰਨ ਉਹ ਅਕਾਲ ਚਲਾਣਾ ਕਰ ਗਏ ਹਨ, ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼ ?ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਗਹਿਰੇ ਦੁਖ ਤੇ ਅਫਸੋਸ ਦਾ ਇਜ਼ਹਾਰ ਕੀਤਾ ਹੈ।



ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਰਹੇ ਭਾਈ ਇੰਦਰਜੀਤ ਸਿੰਘ ਖਾਲਸਾ ਦੀਆਂ ਗੁਰਮਤਿ ਪ੍ਰਤੀ ਨਿਭਾਈਆਂ ਸੇਵਾਵਾਂ ਸ਼ਲਾਘਾਯੋਗ ਹਨ, ਲੰਮਾ ਸਮਾਂ ਉਨ੍ਹਾਂ ਗੁਰੂ ਦਰ ਤੇ ਕੀਰਤਨ ਰਾਹੀਂ ਸੇਵਾ ਕੀਤੀ। ਸੰਗਤ ਵੀ ਉਨ੍ਹਾਂ ਦਾ ਬਹੁਤ ਸਤਿਕਾਰ ਕਰਦੀ ਸੀ। ਉਨ੍ਹਾਂ ਦੇ ਦੇਹਾਂਤ ਨਾਲ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਬੁੱਢਾ ਦਲ ਦ ਗੁਰਮਤਿ ਸਮਾਗਮਾਂ ਵਿੱਚ ਉਹ ਅਕਸਰ ਕੀਰਤਨ ਦੀ ਹਾਜ਼ਰੀ ਭਰਦੇ ਰਹੇ ਹਨ। ਬੁੱਢਾ ਦਲ ਵੱਲੋਂ ਉਨ੍ਹਾਂ ਦਾ ਹੋਲੇ ਮਹੱਲੇ ਸਮੇਂ ਵਿਸ਼ੇਸ਼ ਐਵਾਰਡ ਨਾਲ ਸਨਮਾਨ ਵੀ ਕੀਤਾ ਗਿਆ ਸੀ। ਉਨ੍ਹਾਂ ਦਾ ਬੁੱਢਾ ਦਲ ਨਾਲ ਨੇੜੇ ਦਾ ਰਿਸ਼ਤਾ ਸੀ। ਉਨ੍ਹਾਂ ਨੇ ਅਕਾਲ ਪੁਰਖ ਦੇ ਦਰ ਅਰਦਾਸ ਕੀਤੀ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ‘ਚ ਨਿਵਾਸ ਬਖਸ਼ਣ ਤੇ ਪਿੱਛੇ ਪਰਿਵਾਰ ਸਾਕ ਸਨੇਹੀਆਂ ਤੇ ਰਿਸ਼ਤੇਦਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

# ਗੁਰਦੁਆਰਾ ਸ਼ਹੀਦਾਂ ਸਾਹਿਬ ਦੇ ਸਾਹਮਣੇ ਸਰਕਾਰੀ ਥਾਂ ਤੇ ਸੰਸਥਾ ਵਲੋਂ ਕੀਤਾ ਗਿਆ ਨਜ਼ਾਇਜ ਕਬਜ਼ਾ, ਨਿਗਮ ਕਮਿਸ਼ਨਰ ਨੇ ਤੁਰੰਤ ਢਾਓਣ ਦੇ ਦਿੱਤੇ ਆਦੇਸ਼

**ਅੰਮ੍ਰਿਤਸਰ**

ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੂੰ ਗੁਰਦੁਆਰਾ ਸ਼ਹੀਦਾਂ ਸਾਹਿਬ ਦੇ ਸਾਹਮਣੇ ਸਰਕਾਰੀ ਥਾਂ ਤੇ ਕਿਸੇ ਸੰਸਥਾ ਵਲੋਂ ਨਜ਼ਾਇਜ ਕਬਜ਼ਾ ਕਰਨ ਸਬੰਧੀ ਸ਼ਿਕਾਇਤ ਪ੍ਰਾਪਤ ਹੋਣ ਤੇ ਨਿਗਮ ਦੇ ਸੰਯੁਕਤ ਕਮਿਸ਼ਨਰ ਡਾ. ਜੈ ਇੰਦਰ ਸਿੰਘ ਨੇ ਨਿੱਜੀ ਤੌਰ ਤੇ ਜਾ ਕੇ ਮੌਕਾ ਵੇਖਿਆ ਅਤੇ ਨਜ਼ਾਇਜ ਕਬਜ਼ਾ ਕਰਨ ਵਾਲਿਆ ਨੂੰ ਸਖਤ ਚਿਤਾਵਨੀ ਦੇ ਕੇ ਕੰਮ ਬੰਦ ਕਰਵਾ ਦਿੱਤਾ। ਮੌਕਾ ਵੇਖਣ ਦੌਰਾਨ ਸਹਾਇਕ ਕਮਿਸ਼ਨਰ ਵਿਸ਼ਾਲ ਵਧਾਵਨ ਅਤੇ ਅਸਟੇਟ ਅਫਸਰ ਧਰਮਿੰਦਰਜੀਤ ਵੀ ਨਾਲ ਸਨ।

ਸੰਯੁਕਤ ਕਮਿਸ਼ਨਰ ਨੇ ਦੱਸਿਆ ਕਿ ਉਨ੍ਹਾਂ ਨੂੰ ਨਗਰ ਨਿਗਮ ਕਮਿਸ਼ਨਰ ਵਲੋਂ ਗੁਰਦੁਆਰਾ ਸ਼ਹੀਦਾਂ ਸਾਹਿਬ ਦੇ ਸਾਹਮਣੇ ਸਰਕਾਰੀ ਥਾਂ ਤੇ ਕਿਸੇ ਸੰਸਥਾ ਵਲੋਂ ਨਜ਼ਾਇਜ ਕਬਜ਼ਾ ਕਰਨ ਸਬੰਧੀ ਸ਼ਿਕਾਇਤ ਦਾ ਮੁਆਇਨਾ ਕਰਨ ਦੇ ਹੁਕਮ ਪ੍ਰਾਪਤ ਹੋਏ ਸਨ ਜਿਸ ਤੇ ਉਨ੍ਹਾਂ





ਮੌਕਾ ਵੇਖਿਆ ਅਤੇ ਪਤਾ ਲੱਗਾ ਕਿ ਗੁ ਗੁਰਦੁਆਰਾ ਸ਼ਹੀਦਾਂ ਸਾਹਿਬ ਦੇ ਸਾਹਮਣੇ ਜੋ ਨਗਰ ਨਿਗਮ ਦੀ ਸਰਕਾਰੀ ਜਾਇਦਾਦ ਹੈ ਉਸ ਦੇ ਨਾਲ ਹੀ ਇਕ ਸੰਸਥਾ ਵਲੋਂ ਬਿਲਡਿੰਗ ਦੀ ਉਸਾਰੀ ਦੌਰਾਨ ਪੌੜੀਆਂ ਸਰਕਾਰੀ ਬਿਲਡਿੰਗ ਵਾਲੇ ਪਾਸੇ ਬਣਾ ਲਈਆਂ ਹਨ ਜੋਕਿ ਕਾਨੂੰਨ ਦੇ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਮੌਕੇ ਤੇ ਮੌਜੂਦ ਵਿਅਕਤੀਆਂ ਕੋਲੋਂ ਪੜਤਾਲ ਕਰਨ ਤੇ ਪਤਾ ਲੱਗਾ ਕਿ ਇਹ ਬਿਲਡਿੰਗ ਬਾਬਾ ਭੂਰੀ ਵਾਲਿਆਂ ਵਲੋਂ ਉਸਾਰੀ ਗਈ ਹੈ ਅਤੇ ਉਸਾਰੀ ਕਾਨੂੰਨ ਦੇ ਵਿਰੁੱਧ ਕੀਤੀ ਗਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਸਟੇਟ ਅਫਸਰ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਬਾਬਾ ਭੂਰੀ ਵਾਲਿਆਂ ਨੇ ਇਹ ਬਿਲਡਿੰਗ ਵੀ ਸਰਕਾਰੀ ਥਾਂ ਤੇ ਨਜ਼ਾਇਜ ਕਬਜ਼ਾ ਕਰਕੇ ਉਸਾਰੀ ਕੀਤੀ ਹੈ। ਸੰਯੁਕਤ ਕਮਿਸ਼ਨਰ ਨੇ ਕਿਹਾ ਕਿ ਮੌਕੇ ਤੇ ਕੰਮ ਰੁਕਵਾ ਦਿੱਤਾ ਹੈ ਅਤੇ ਸਰਕਾਰੀ ਥਾਂ ਵਾਲੇ ਪਾਸੇ ਕੱਢੀਆਂ ਪੌੜੀਆਂ ਨੂੰ ਤੁਰੰਤ ਢਾਓਣ ਦੇ ਹੁਕਮ ਵੀ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਨਾ ਤੇ ਕੋਈ ਨਜ਼ਾਇਜ ਉਸਾਰੀ ਬਰਦਾਸਤ ਕੀਤੀ ਜਾਵੇਗੀ ਤੇ ਨਾ ਹੀ ਸਰਕਾਰੀ ਥਾਂ ਤੇ ਕੋਈ ਨਜ਼ਾਇਜ ਕਬਜ਼ਾ ਹੋਣ ਦਿੱਤਾ ਜਾਵੇਗਾ।

# ਜੂਨ 1984 ਦੇ ਘੱਲੂਘਾਰੇ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ

**ਅੰਮ੍ਰਿਤਸਰ**

ਜੂਨ 1984 ’ਚ ਭਾਰਤ ਦੀ ਕਾਂਗਰਸ ਸਰਕਾਰ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਕੀਤੇ ਗਏ ਫ਼ੌਜੀ ਹਮਲੇ ਦੌਰਾਨ ਸ਼ਹੀਦ ਹੋਏ ਸਿੰਘ, ਸਿੰਘਣੀਆਂ ਤੇ ਬੱਚਿਆਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਨ ਲਈ 6 ਜੂਨ ਨੂੰ ਹੋਣ ਵਾਲੇ ਸਾਲਾਨਾ ਸ਼ਹੀਦੀ ਸਮਾਗਮ ਦੇ ਸਬੰਧ ਵਿਚ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤਾ ਗਿਆ। ਅਰਦਾਸ ਉਪਰੰਤ ਸੰਗਤ ਨੂੰ ਪਾਵਨ ਹੁਕਮਨਾਮਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ ਨੇ ਸਰਵਣ ਕਰਵਾਇਆ। ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਮੌਕੇ ਸ਼ ?ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਹੋਰ ਪ੍ਰਮੁੱਖ ਸਖਸ਼ੀਅਤਾਂ ਮੌਜੂਦ ਸਨ।



ਇਸ ਦੌਰਾਨ ਗੱਲਬਾਤ ਕਰਦਿਆਂ ਸ਼ ?ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜੂਨ 1984 ’ਚ ਸਮੇਂ ਦੀ ਹਕੂਮਤ ਵੱਲੋਂ ਕੀਤੇ ਗਏ ਕਰੂਰ ਕਾਰੇ ਨੇ ਸਿੱਖ ਕੌਮ ਨੂੰ ਡੂੰਘੇ ਜ਼ਖ਼ਮ ਦਿੱਤੇ ਹਨ, ਜੋ ਕੌਮ ਕਦੇ ਵੀ ਭੁੱਲ ਨਹੀਂ ਸਕਦੀ। ਇਸ ਘੱਲੂਘਾਰੇ ਵਿੱਚ ਜਿਥੇ ਅਨੇਕਾਂ ਸ਼ਹਾਦਤਾਂ ਹੋਈਆਂ, ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਵੀ ਗੋਲੀਆਂ ਲੱਗਣ ਕਾਰਨ ਜ਼ਖਮੀ ਹੋਏ। ਉਨ੍ਹਾਂ ਕਿਹਾ ਕਿ ਘੱਲੂਘਾਰੇ ਦੀ ਯਾਦ ’ਚ ਹਰ ਸਾਲ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਮਾਗਮ ਕਰਕੇ ਸ਼ਹੀਦਾਂ ਨੂੰ ਸਤਿਕਾਰ ਭੇਟ ਕੀਤਾ ਜਾਂਦਾ ਹੈ। ਐਡਵੋਕੇਟ ਧਾਮੀ ਨੇ ਸੰਗਤ ਨੂੰ ਵੀ ਅਪੀਲ ਕੀਤੀ ਕਿ 6 ਜੂਨ ਨੂੰ ਹੋ ਰਹੇ ਸ਼ਹੀਦੀ ਸਮਾਗਮ ਸਮੇਂ ਮਰਯਾਦਾ ਨੂੰ ਧਿਆਨ ਵਿੱਚ ਰੱਖਦਿਆਂ ਸਮੂਹ ਸ਼ਹੀਦਾਂ ਨੂੰ ਸਤਿਕਾਰ ਭੇਟ ਕਰਨ।

ਇਸ ਮੌਕੇ ਸ਼ ?ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਮੈਂਬਰ ਭਾਈ ਮਨਜੀਤ ਸਿੰਘ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਫੈਡਰੇਸ਼ਨ ਆਗੂ ਐਡਵੋਕੇਟ ਜਸਬੀਰ ਸਿੰਘ ਘੁੰਮਣ, ਸ. ਅੰਮ੍ਰਿਤਪਾਲ ਸਿੰਘ ਕੁਲਾਰ, ਭਾਈ ਕੰਵਰਚੜਤ ਸਿੰਘ, ਵਧੀਕ ਮੈਨੇਜਰ ਸ. ਜਸਪਾਲ ਸਿੰਘ ਢੱਡੇ, ਮੀਤ ਮੈਨੇਜਰ ਸ. ਗੁਰਤਿੰਦਰਪਾਲ ਸਿੰਘ ਕਾਦੀਆਂ ਆਦਿ ਹਾਜ਼ਰ ਸਨ।

# ਹਕੂਮਤ ਵੱਲੋਂ ਸਿੱਖਾਂ ਦੀ ਕੀਤੀ ਨਸਲਕੁਸ਼ੀ ਚ ਦਿੱਤੇ ਜਖਮਾਂ ਦੇ ਦਰਦਾਂ ਨੂੰ ਲੁਕਾਇਆ ਛਪਾਇਆ ਭੁਲਾਇਆ ਨਹੀਂ ਜਾ ਸਕਦਾ 6 ਜੂਨ ਨੂੰ ਸ਼ਹੀਦੀ ਸਮਾਗਮਾਂ ਚ ਵੱਧ ਚੜ੍ਹ ਕਿ ਸੰਗਤਾਂ ਭਰੋ ਹਾਜ਼ਰੀ ਬਾਬਾ ਬਿਬੇਕ ਸਿੰਘ

**ਜੰਡਿਆਲਾ ਗੁਰੂ /ਗੁਰਦੇਵ ਸਿੰਘ ਮਨਜੋਤਰਾਂ**

ਅੱਜ ਗੱਲਬਾਤ ਦੌਰਾਨ ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਅਤੇ ਸ੍ਰੋਮਣੀ ਅਕਾਲੀ ਦਲ ਵਾਰਿਸ ਪੰਜਾਬ ਦੇ ਮੁੱਖ ਸੇਵਾਦਾਰ ਬਾਬਾ ਬਿਬੇਕ ਸਿੰਘ ਜੀ ਤੇ ਐਮ ਪੀ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੇ ਪਿਤਾ ਬਾਪੂ ਤਰਸੇਮ ਸਿੰਘ ਖਾਲਸਾ ਜੀ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਭਾਰਤੀ ਹਕੂਮਤ ਵੱਲੋਂ 1 ਜੂਨ 1984 ਨੂੰ ਸਿੱਖਾਂ ਦੇ ਪਵਿੱਤਰ ਅਸਥਾਨ ਸਚਖੰਡ ਸ੍ਰੀ ਦਰਬਾਰ ਸਾਹਿਬ ਉਪਰ ਫੌਜੀ ਹਮਲੇ ਦੀ ਸ਼ੁਰੂਆਤ ਕੀਤੀ ਗਈ ਤੇ ਅਟੈਕ ਦੀ ਸ਼ੁਰੂਆਤ ਮਗਰੋਂ ਪੰਜਾਬ ਬੰਦ ਦਾ ਸੱਦਾ ਦੇਣ ਪਿੱਛੇ ਸਿੱਖ ਵਿਰੋਧੀ ਭਾਰਤੀ ਸਰਕਾਰ ਦੀ ਇੱਕ ਵੱਡੀ ਤੇ ਡੂੰਘੀ ਸਾਜ਼ਿਸ਼ ਸੀ ਕਿਉਂਕਿ ਇਸ ਦਿਨ ਦਰਬਾਰ ਸਾਹਿਬ 'ਚ ਕਿਸੇ ਨੂੰ ਅੰਦਰ ਜਾ ਬਾਹਰ ਨਹੀਂ ਜਾਣ ਦਿੱਤਾ ਗਿਆ ਅਤੇ ਇਸ ਦਿਨ ਪਵਿੱਤਰ ਦਰਬਾਰ ਸਾਹਿਬ ਤੇ 1 ਜੂਨ 1984 ਨੂੰ ਠੀਕ ਦਿਨ ਦੇ 11 ਵਜੇ ਭਾਰਤੀ ਫੌਜ ਨੇ ਦਰਬਾਰ ਸਾਹਿਬ ਅਕਾਲ ਤਖ਼ਤ ਸਾਹਿਬ ਤੇ ਹੋਰ ਬਿਲਡਿੰਗਾਂ ਤੇ ਲਗਾਤਾਰ ਅੱਠ ਘੰਟੇ ਅੰਧਾ ਧੁੰਦ ਫਾਇਰਿੰਗ ਕੀਤੀ ਗਈ ਅਤੇ ਵੱਡੀਆਂ ਗੰਨਾਂ ਨਾਲ ਕੀਤੇ ਗਏ



ਹਮਲੇ ਚ ਦਰਬਾਰ ਸਾਹਿਬ ਦੇ ਅੰਦਰ ਸਾਰੀਆਂ ਇਤਿਹਾਸਕ ਇਮਾਰਤਾਂ ਨੂੰ ਨਿਸ਼ਾਨਾ ਬਣਾਇਆ ਗਿਆ, ਇਥੇ ਹੀ ਬਸ ਨਹੀਂ ?ਸਰਕਾਰ ਵੱਲੋਂ ਵੱਡੀ ਚਲਾਕੀ ਨਾਲ 2 ਜੂਨ ਨੂੰ ਪੰਜਾਬ ਬੰਦ ਦਾ ਸੱਦਾ ਦੇ ਦਿੱਤਾ ਗਿਆ ਤਾਂ ਕਿ ਦਰਬਾਰ ਸਾਹਿਬ ਦੇ ਅੰਦਰੋ ਕਿਸੇ ਨੂੰ ਬਾਹਰ ਨਾ ਜਾਣ ਦਿੱਤਾ ਜਾਵੇ ਤੇ ਬਾਹਰੋਂ ਕਿਸੇ ਨੂੰ ਅੰਦਰ ਨਾਂ ਆਉਣ ਦਿੱਤਾ ਜਾ ਸਕੇ, ਸਰਕਾਰ ਦੀ ਇਹ ਸਿੱਖਾਂ ਦੀ ਨਸਲਕੁਸ਼ੀ ਕਰਨ ਵਾਲੀ ਖਤਰਨਾਕ ਪੋਲਸੀ ਸੀ,ਅਤੇ ਸਰਕਾਰ ਦੀ ਸਿੱਖ ਨਸਲਕੁਸ਼ੀ ਕਰਨ ਲਈ ਇਹ ਵੱਡੀ ਸਾਜ਼ਿਸ਼ ਸੀ ,ਇਸੇ ਹੀ ਕਰਕੇ ਸਿੱਖ ਵਿਰੋਧੀ ਸਰਕਾਰ ਨੇ 2 ਜੂਨ 84 ਦੇ ਬੰਦ ਤੋਂ ਉਪਰੰਤ ਦੋ ਜੂਨ ਵਾਲੇ ਬੰਦ ਦੇ ਸੱਦੇ ਨੂੰ ਇੱਕ ਦਮ ਵਾਪਸ ਲੈ ਕੇ 3 ਜੂਨ ਨੂੰ ਪੰਜਾਬ ਪੂਰੀ ਤਰ੍ਹਾਂ ਖੋਲ ਦਿੱਤਾ ਗਿਆ, ਕਿਉਕਿ ਇਸ ਦਿਨ ਪੰਜਵੇਂ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦਾ ਸ਼ਹੀਦੀ ਦਿਹਾੜਾ ਹੋਣ ਕਰਕੇ ਅਤੇ ਦਰਬਾਰ ਤੇ ਸਰਕਾਰੀ ਅਟੈਕ ਦੇ ਗ਼ੁੱਸੇ ਵਜੋਂ ਲੱਖਾਂ ਦੀ ਤਾਦਾਦ ਵਿੱਚ ਸੰਗਤਾਂ ਪਵਿੱਤਰ ਅਸਥਾਨ ਸਚਖੰਡ ਸ੍ਰੀ ਦਰਬਾਰ ਪਹੁੰਚੀਆਂ,ਅਤੇ ਸ਼ਾਮ ਨੂੰ 7 ਵਜੇ ਦੇ ਲਗਭਗ ਭਾਰਤੀ ਫੌਜਾਂ ਨੇ ਗਿਣੀ ਮਿਥੀ ਸਾਜਸ਼ ਤਹਿਤ ਦਰਬਾਰ ਸਾਹਿਬ ਦੀ ਚਾਰੇ ਪਾਸਿਓਂ ਘੇਰਾਬੰਦੀ ਕਰਕੇ ਇੱਕ ਵਾਰ ਫਿਰ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਗਿਆ,ਜਿਸ ਦੇ ਸਿੱਟੇ ਵਜੋਂ ਲੱਖਾਂ ਦੀ ਤਾਦਾਦ ਵਿੱਚ ਦਰਬਾਰ ਸਾਹਿਬ ਨਤਮਸਤਕ ਹੋਣ ਆਏਂ ਸਾਰੇ ਸ਼ਰਧਾਲੂਆਂ ਨੂੰ ਬੰਦੀ ਬਣਾ ਲਿਆ ਗਿਆ ਅਤੇ 2 ਜੂਨ 1984 ਦਾ ਇਹ ਦਿਨ ਸਿੱਖ ਨਸਲਕੁਸ਼ੀ ਦੀ ਪਲਾਨਿੰਗ ਵਾਲਾ ਦਿਨ ਕਿਹਾ ਜਾ ਸਕਦਾ ਹੈ ਅੱਗੇ ਬਾਬਾ ਬਿਬੇਕ ਸਿੰਘ ਜੀ ਨੇ ਕਿਹਾ ਕਿ ਭਾਰਤੀ ਹਕੂਮਤ ਦੇ ਇਸਾਰੇ ਤੇ ਸੈਕੜੇ ਸਿੰਘਾਂ ਸਿੰਘਣੀਆਂ ਦੁੱਧ ਚੁੰਘਦੇ ਬੱਚਿਆਂ ਨੂੰ ਸ਼ਹੀਦ ਕਰ ਦਿੱਤਾ ਗਿਆ ਅਤੇ ਹਕੂਮਤ ਵਲੋਂ ਸਿੱਖਾਂ ਦੀ ਕੀਤੀ ਗਈ ਨਸਲਕੁਸ਼ੀ ਦੌਰਾਨ ਦਿੱਤੇ ਗਏ ਜਖਮਾਂ ਦੇ ਦਰਦਾਂ ਨੂੰ ਲੁਕਾਇਆ ਛਪਾਇਆ ਭੁਲਾਇਆ ਨਹੀਂ ਜਾ ਸਕਦਾ ਅਗੇ ਬਾਬਾ ਬਿਬੇਕ ਸਿੰਘ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਹੁਣ ਮੌਜੂਦਾ 1 ਜੂਨ ਤੋਂ 6 ਜੂਨ ਤੱਕ ਚੱਲ ਰਹੇ ਘੱਲੂਘਾਰਾ ਦਿਵਸ ਦੌਰਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਵੱਧ ਤੋਂ ਵੱਧ ਗੁਰਬਾਣੀ ਦਾ ਜਾਪ ਕਰਨਾ ਚਾਹੀਦਾ ਹੈ ਅਤੇ 6 ਜੂਨ ਨੂੰ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਸ਼ਹੀਦ ਸਿੰਘਾਂ ਦੀਆਂ ਬਖਸਿਸਾਂ ਪ੍ਰਾਪਤ ਕਰਨੀਆਂ ਚਾਹੀਦੀਆਂ ਹਨ !

# ਮਾਨ ਸਰਕਾਰ ਦੀ ਬਦੌਲਤ ਦੁਕਾਨਦਾਰੀ ਵਪਾਰ ਤੇ ਦੁਕਾਨਾਂ ਦੇ ਕਰਮਚਾਰੀਆਂ ਦੇ ਹਿੱਤਾਂ ਨੂੰ ਸੁਰੱਖਿਅਤ ਰੱਖਣ ਦੀ ਪਹਿਲਕਦਮੀ ਚ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣਿਆ : ਜਸਕਰਨ ਬੰਦੇਸ਼ਾ

## ਦੁਕਾਨਦਾਰਾਂ ਨੂੰ 20 ਤੋਂ ਘੱਟ ਕਰਮਚਾਰੀ ਰੱਖਣ ਲਈ ਖੁੱਲੀ ਛੋਟ, ਕਰਮਚਾਰੀ ਹੁਣ ਤਿੰਨ ਗੁਣਾ ਵਧ 144 ਘੰਟੇ ਤੱਕ ਲਗਾ ਸਕਣਗੇ ਓਵਰ ਟਾਈਮ

**ਅੰਮ੍ਰਿਤਸਰ/ਮਲਕੀਅਤ ਸਿੰਘ**

ਪੰਜਾਬ ਟਰੇਡਰਜ਼ ਕਮਿਸ਼ਨ ਦੇ ਸੰਵਿਧਾਨਿਕ ਸੂਬਾਈ ਮੈਂਬਰ ਤੇ ਆਮ ਆਦਮੀ ਪਾਰਟੀ ਦੇ ਲੋਕ ਸਭਾ ਹਲਕਾ ਅੰਮ੍ਰਿਤਸਰ ਦੇ ਨਵ ਨਿਯੁਕਤ ਇੰਚਾਰਜ ਸ. ਜਸਕਰਨ ਬੰਦੇਸ਼ਾ ਨੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵਲੋਂ ਪੰਜਾਬ ਚ ਖੇਤੀ ਪਿੱਛੋਂ ਰੁਜਗਾਰ ਦੇ ਸਭ ਤੋਂ ਵੱਡੇ ਸਰੋਤ ਦੁਕਾਨਦਾਰੀ ਵਪਾਰ 'ਤੇ ਕਿਰਤ ਕਾਨੂੰਨਾਂ ਦੀ ਕਥਿਤ ਆੜ੍ਹ ਚ ਵਾਪਰੀਆਂ ਨੂੰ ਨਜ਼ਾਇਜ਼ ਤੰਗ ਪ੍ਰੇਸ਼ਾਨ ਕਰਨ ਲਈ ਹੁਣ ਤੱਕ ਲਟਕਦੀ ਆ ਰਹੀ ਲਾਲ ਫੀਤਾਸ਼ਾਹੀ ਇੰਸਪੈਕਟਰੀ ਰਾਜ ਦੀ ਤਲਵਾਰ ਨੂੰ ਹਮੇਸ਼ਾਂ ਲਈ ਖਤਮ ਕਰਣ ਦਾ ਇਤਿਹਾਸਿਕ ਫੈਸਲਾ ਲੈਂਦਿਆਂ 20 ਤੋਂ ਘੱਟ ਕੰਮ ਕਾਜ਼ੀ ਕਰਮਚਾਰੀਆਂ ਵਾਲੀਆਂ ਦੁਕਾਨਾਂ/ਵਪਾਰਕ ਸੰਸਥਾਵਾਂ ਚ ਹੁਣ ਲਾਲ ਫੀਤਾਸ਼ਾਹੀ ਇੰਸਪੈਕਟਰੀ ਰਾਜ ਦਾ ਕੋਈ ਡਰ ਜਾਂ



ਖਤਰਾ ਨਹੀਂ ਰਹੇਗਾ ਅਤੇ ਅਜਿਹੇ ਵਪਾਰਕ ਸੰਸਥਾਵਾਂ ਚ ਕੰਮ ਕਾਜ਼ ਕਰਦੇ ਕਰਮਚਾਰੀਆਂ/ਮਜ਼ਦੂਰਾਂ ਦੇ ਸ਼ੋਸ਼ਣ ਨੂੰ ਰੋਕਣ ਲਈ ਇਨ੍ਹਾਂ ਦੇ ਹਿੱਤ ਵੀ ਸੁਰੱਖਿਅਤ ਤੇ ਆਮਦਨ ਵਧਾਉਣ ਲਈ ਕਾਨੂੰਨ ਲਾਗੂ ਕੀਤੇ ਗਏ ਹਨ। ਸੂਬਾ ਭਗਵੰਤ ਮਾਨ ਸਰਕਾਰ ਇਸ ਦੁਕਾਨਦਾਰੀ ਵਪਾਰ ਨੂੰ ਬੜ੍ਹਾਵਾ ਦੇਣ ਵਜੋਂ ਪੰਜਾਬ ਨੂੰ ਦੇਸ਼ ਦੇ ਪਹਿਲਾ ਰਾਜ ਦਾ ਦਰਜਾ ਦਿਵਾਉਣ ਅਤੇ ਇਹਨਾਂ ਦੁਕਾਨਾਂ ਤੇ ਕੰਮ ਕਰਦੇ ਮੁਲਾਜ਼ਮਾਂ/ਮਜ਼ਦੂਰਾਂ ਦੇ ਹਿੱਤਾਂ ਨੂੰ ਆਰਥਿਕ ਹੁਲਾਰਾ ਦੇਣ ਲਈ ਲਏ ਇਤਿਹਾਸਕ ਫੈਸਲੇ ਲਈ ਵਧਾਈ ਦੀ ਹੱਕਦਾਰ ਅਤੇ ਸਰਕਾਰ ਦੇ ਇਸ ਫੈਸਲੇ ਦਾਹਰ ਦੁਕਾਨਦਾਰੀ ਵਪਾਰਕ ਸੰਸਥਾ ਨੂੰ ਸੌੜੇ ਹਿਤਾ ਤੇ ਸੰਕੀਰਨ ਸੋਚ ਤੋਂ ਉਪਰ ਉਠਕੇ ਆਪ ਮੁਹਾਰਾ ਸਵਾਗਤ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਕਮਿਸ਼ਨ ਦੇ ਸੂਬਾਈ ਮੈਂਬਰ ਤੇ ਸੱਤਾਧਾਰੀ ਪਾਰਟੀ ਆਗੂ ਜਸਕਰਨ ਬੰਦੇਸ਼ਾ ਨੇ ਗੱਲਬਾਤ ਦੌਰਾਨ ਉਕਤ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਇਹ ਵੀ ਕਿਹਾ ਕਿ ਅੱਜ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਸਰਕਾਰ ਵਲੋਂ ਲਏ ਗਏ ਉਕਤ ਇਤਿਹਾਸਿਕ ਫੈਸਲੇ ਤੋਂ ਪਹਿਲਾਂ ਆਮ ਤੌਰ ਤੇ ਦਿਹਾਤੀ, ਨੀਮ ਸ਼ਹਿਰੀ ਤੇ ਸ਼ਹਿਰੀ ਖੇਤਰ ਚ ਆਪਣੇ ਸਵੈ ਰੁਜ਼ਗਾਰ ਲਈ ਧੰਦਾ ਕਰਦੇ ਕਿਸੇ ਵੀ ਕਾਰੋਬਾਰੀ ਵਲੋਂ ਆਪਣੀ ਦੁਕਾਨ 'ਤੇ ਜੇਕਰ ਇੱਕ ਵੀ ਕਰਮਚਾਰੀ/ਮਜ਼ਦੂਰ ਨੂੰ ਰੱਖਿਆ ਜਾਂਦਾ ਸੀ ਤਾਂ ਕ੍ਰਿਤ ਵਿਭਾਗ/ ਲੇਬਰ ਵਿਭਾਗ ਦਾ ਇੰਸਪੈਕਟਰ ਉਸ ਦੁਕਾਨਦਾਰ ਨੂੰ ਲਾਲ ਫੀਤਾਸ਼ਾਹੀ ਦੇ ਰੋਹਬ ਚ ਉਸ ਕਰਮਚਾਰੀ ਦੇ ਰਿਕਾਰਡ ਦਾ ਹਿਸਾਬ ਕਿਤਾਬ ਵੇਖਣ ਲਈ ਕਿਤਾਬਾਂ ਦੀ ਛਾਣ ਬੀਣ ਕਰਕੇ ਦੁਕਾਨਦਾਰ ਨੂੰ ਨਜ਼ਾਇਜ਼ ਤੰਗ ਪ੍ਰੇਸ਼ਾਨ ਕਰਨ ਤੋਂ ਜ਼ਰਾ ਵੀ ਪ੍ਰਹੇਜ਼ ਨਹੀਂ ਸੀ ਕਰਦਾ ਅਤੇ ਕਰਮਚਾਰੀ ਦੇ ਹਿੱਤ ਨੂੰ ਅਣਗੌਲਿਆਂ ਕੀਤਾ ਜਾਂਦਾ ਰਿਹਾ ਹੈ। ਪਰ ਹੁਣ ਮਾਨ ਸਰਕਾਰ ਨੇ ਕ੍ਰਿਤ ਕਾਨੂੰਨਾਂ ਚ ਸੋਧ ਕਰਕੇ ਦੁਕਾਨਦਾਰ ਵਪਾਰਕ ਸੰਸਥਾਵਾਂ ਨੂੰ 20 ਤੋਂ ਘੱਟ ਕਰਮਚਾਰੀ ਨਿਯੁਕਤ ਕਰਨ ਲਈ ਖੁੱਲੀ ਛੋਟ ਦੇਣ ਅਤੇ ਦੁਕਾਨਾਂ ਦੇ ਕੰਮਕਾਜੀ 9 ਘੰਟਿਆਂ, ਜਿਸ ਚ ਕਰਮਚਾਰੀ ਦੇ ਦੁਪਿਹਰ ਦੀ ਰੋਟੀ ਤੇ ਅੱਗੇ ਪਿੱਛੇ ਚਾਹ ਪੀਣ ਦਾ ਸਮਾਂ ਵੀ ਇਨ੍ਹਾਂ ਕੰਮਕਾਜੀ ਘੰਟਿਆਂ ਚ ਸ਼ਾਮਿਲ ਹੋਵੇਗਾ, ਤੋਂ ਦੁਕਾਨਦਾਰ ਨੂੰ ਕਰਮਚਾਰੀ/ਮਜ਼ਦੂਰ ਕੋਲੋਂ ਲਏ ਜਾਂਦੇ ਕੰਮ ਦੇ ਘੰਟਿਆਂ ਦੇ ਵਧ ਸਮੇਂ ਦੇ ਦੁੱਗਣੇ ਪੈਸਿਆਂ ਦੀ ਅਦਾਇਗੀ ਕਰਨੀ ਪਏਗੀ। ਪਹਿਲਾਂ ਕਰਮਚਾਰੀਆਂ/ਮਜ਼ਦੂਰਾਂ ਨੂੰ ਤਿੰਨ ਮਹੀਨਿਆਂ ਚ ਵਧ ਤੋਂ ਵੱਧ 50 ਘੰਟੇ ਦਾ ਓਵਰ ਟਾਈਮ ਦੇ ਮੌਕੇ ਮਿਲਦੇ ਸਨ ਜਦੋਂ ਕਿ ਹੁਣ ਸੂਬਾ ਸਰਕਾਰ ਵਲੋਂ 144 ਘੰਟਿਆਂ ਲਈ ਓਵਰ ਟਾਈਮ ਦੀ ਵਿਵਸਥਾ ਕੀਤੇ ਜਾਣ ਦੇ ਨਤੀਜੇ ਵਜੋਂ ਕਰਮਚਾਰੀਆਂ ਦੀ ਤਿੰਨ ਗੁਣਾ ਤੋਂ ਵੱਧ ਦੇ ਕਰੀਬ ਆਮਦਨ ਵਧ ਜਾਵੇਗੀ। ਕਮਿਸ਼ਨ ਮੈਂਬਰ ਬੰਦੇਸ਼ਾ ਨੇ ਦੱਸਿਆ ਕਿ ਫੈਸਲੇ ਅਨੁਸਾਰ ਦੁਕਾਨਦਾਰ ਵਪਾਰੀ ਨੂੰ 20 ਤੋਂ ਘੱਟ ਤੱਕ ਰੱਖੇ ਗਏ ਕਰਮਚਾਰੀਆਂ ਬਾਰੇ ਸਹੀ ਜਾਣਕਾਰੀ ਇੱਕ ਵੇਰ 6 ਮਹੀਨਿਆਂ ਚ ਦੇਣੀ ਪਏਗੀ ਅਤੇ ਫਿਰ ਨਾ ਕੋਈ ਇੰਸਪੈਕਸ਼ਨ, ਨਾ ਕੋਈ ਹੋਰ ਰਿਪੋਰਟ ਅਤੇ ਨਾ ਕੋਈ ਇੰਸਪੈਕਟਰੀ ਰਾਜ ਦੀ ਦਹਿਸ਼ਤ। ਉਹਨਾਂ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਆਪਣੀ ਕਾਰੋਬਾਰੀ ਸੰਸਥਾ ਚ 20 ਜਾਂ ਇਸ ਤੋਂ ਵੱਧ ਕਰਮਚਾਰੀ ਰੱਖਣ ਵਾਲੇ ਅਦਾਰੇ ਨੂੰ ਆਪਣੀ ਰਜਿਸਟਰੇਸ਼ਨ ਕਰਵਾਉਣ ਲਈ ਪੋਰਟਲ ਤੇ ਜਾਣਕਾਰੀ ਦੇਣੀ ਹੋਵੇਗੀ, ਜਿਸ ਬਾਰੇ ਅਰਜ਼ੀ ਦੇਣ ਪਿੱਛੋਂ 24 ਘੰਟਿਆਂ ਚ ਹੀ ਕਾਰੋਬਾਰੀ ਸੰਸਥਾ ਦੀ ਰਜਿਸਟ ?ੇਸ਼ਨ ਮੰਜ਼ੂਰ ਸਮਝੀ ਜਾਵੇਗੀ। ਉਹਨਾਂ ਦੱਸਿਆ ਕਿ ਜਿੱਥੇ ਕਿਤੇ ਦੁਕਾਨਦਾਰ/ਕਾਰੋਬਾਰੀ ਆਪਣੇ ਮਤੈਤ ਕਰਮਚਾਰੀਆਂ ਬਾਰੇ ਕੋਈ ਕੋਤਾਹੀ ਚ ਨਜ਼ਰ ਆਏਗਾ। ਉਥੇ ਇੰਸਪੈਕਟਰ ਤਿੰਨ ਮਹੀਨੇ ਚ ਉਸ ਵਪਾਰੀ ਨੂੰ ਸੁਧਰਨ ਦਾ ਮੌਕਾ ਦੇਵੇਗਾ ਅਤੇ ਮੁੜ ਤਿੰਨ ਮਹੀਨੇ ਬਾਅਦ ਕੁਤਾਹੀ ਪਾਏ ਜਾਣ ਤੇ ਕਾਰੋਬਾਰੀ ਨੂੰ ਹੁਣ ਇਕ ਹਜ਼ਾਰ ਤੋਂ 30 ਹਜ਼ਾਰ ਰੁਪਏ ਤਕ ਜ਼ੁਰਮਾਨਾ ਸਹਿਣਾ ਪਏਗਾ।

# ਰਾਜਾ ਵੜਿੰਗ ਵੱਲੋ ਸਾਰੇ ਹਲਕਿਆਂ ਦੇ ਕੁਆਡੀਨੇਟਰਾਂ ਨਾਲ ਮੀਟਿੰਗ



**ਝਬਾਲ,ਦਲਜੀਤ ਸਿੰਘ ਚੱਡਾ**

ਅੱਜ ਪੰਜਾਬ ਕਾਂਗਰਸ ਭਵਨ ਚੰਡੀਗੜ ਵਿਖੇ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋ ਸਾਰੇ ਹਲਕਿਆਂ ਦੇ ਕੁਆਡੀਨੇਟਰਾਂ ਨਾਲ ਮੀਟਿੰਗ ਕੀਤੀ ਜਿਸ ਵਿੱਚ ਵਿਧਾਨ ਸਭਾ ਹਲਕਾ ਤਰਨ ਤਾਰਨ ਦੇ ਸੀਨੀਅਰ ਕਾਗਰਸ਼ੀ ਆਗੂ ਚੈਅਰਮੇਨ ਰਣਜੀਤ ਸਿੰਘ ਰਾਣਾ ਗੰਡੀਵਿੰਡ ਵੱਲੋ ਪਹੁੰਚ ਕੇ ਹਾਜਰੀ ਭਰੀ ਅਤੇ ਕਾਂਗਰਸ ਪਾਰਟੀ ਨੂੰ ਮਜਬੂਤ ਕਰਨ ਲਈ ਹਲਕੇ ਅੰਦਰ ਹੋਰ ਪਾਰਟੀ ਪ੍ਰਤੀ ਗਤੀਵਿੰਧੀਆਂ ਨੂੰ ਤੇਜ ਕਰਨ ਲਈ ਆਉਣ ਵਾਲੇ ਸਮੇਂ ਲਈ ਲੋਕਾਂ ਨਾਲ ਹੋ ਰਹੇ ਧੱਕੇ ਨੂੰ ਠੱਲ ਪਾਉਣ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਮੌਕੇ ਚੈਅਰਮੇਨ ਰਣਜੀਤ ਸਿੰਘ ਗੰਡੀਵਿੰਡ ਤੋ ਇਲਾਵਾਂ ਕਾਗਰਸ਼ ਪਾਰਟੀ ਦੇ ਮੁੱਖ ਬੁਲਾਰੇ ਐਡਵੋਕੇਟ ਜਗਮੀਤ ਸਿੰਘ ਗੰਡੀਵਿੰਡ ਤੇ ਹੋਰ ਵੀ ਬਹੁਤ ਸਾਰੇ ਪਾਰਟੀ ਦੇ ਆਗੂ ਮਜੌਦ ਸਨ।




ਪਾਵਰ ਗਰਿੱਡ ਕਰਤਾਰਪੁਰ ਦੇ ਸੀਨੀਅਰ ਜਨਰਲ ਮੈਨੇਜਰ, ਸ਼੍ਰੀ ਵਾਈ.ਸੀ.ਐਸ. ਰਾਓ ਤੇ ਡਿਪਟੀ ਜਨਰਲ ਮੈਨੇਜਰ ਬਲਵਿੰਦਰ ਕੁਮਾਰ ਮਹਿਮਾਨਾਂ ਰਾਕੇਸ਼ ਪੁੰਜ ਨੂੰ ਸਨਮਾਨਿਤ ਕਰਦੇ ਹੋਏ ।

(ਤਸਵੀਰ ਤੇ ਵੇਰਵਾ ਸੁਖੀਜਾ)

# ਸ਼ਹਿਰ ਵਿੱਚ ਅਮਨ ਕਾਨੂੰਨ ਵਿਵੱਸਥਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਬਣਾਈ ਰੱਖਣ ਲਈ ਕੱਢੇ ਗਏ ਫਲੈਗ ਮਾਰਚ

## ਸ਼ਹਿਰ ਦੇ ਐਂਟਰੀ ਐਗਜਿਟ ਤੇ ਅੰਦਰੂਨੀ ਹਿੱਸਿਆਂ ਵਿਖੇ 24 ਘੰਟੇ ਸ਼ਿਫਟ ਵਾਇਜ ਕੀਤੀ ਸਪੈਸ਼ਲ ਨਾਕਾਬੰਦੀ





**ਅੰਮ੍ਰਿਤਸਰ /ਮਲਕੀਅਤ ਸਿੰਘ**

ਸ੍ਰੀ ਗੁਰਪ੍ਰੀਤ ਸਿੰਘ ਭੁੱਲਰ,ਆਈ.ਪੀ.ਐਸ, ਕਮਿਸ਼ਨਰ ਪੁਲਿਸ,ਅੰਮ੍ਰਿਤਸਰ ਜੀ ਦੀਆਂ ਹਦਾਇਤਾਂ ਤੇ ਕਮਿਸ਼ਨਰੇਟ ਪੁਲਿਸ, ਅੰਮ੍ਰਿਤਸਰ ਵਿੱਚ ਅਮਨ ਕਾਨੂੰਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਬਣਾਈ ਰੱਖਣ, ਮਾੜੇ ਅਨਸਰਾਂ ਨੂੰ ਨੱਥ ਪਾਉਂਣ ਲਈ ਅਤੇ ਪਬਲਿਕ ਵਿੱਚ ਸੁਰੱਖਿਆ ਦੀ ਭਾਵਨਾਂ ਬਣਾਈ ਰੱਖਣ ਲਈ ਸ਼ਹਿਰ ਦੇ ਵੱਖ ਵੱਖ ਇਲਾਕਿਆਂ ਵਿੱਚ ਫਲੈਗ ਮਾਰਚ ਕੱਢੇ ਜਾ ਰਹੇ ਹਨ। ਇਸ ਤੋਂ ਇਲਾਵਾ ਸ਼ਹਿਰ ਦੇ ਐਂਟਰੀ ਐਗਜਿਟ ਅਤੇ ਅੰਦਰੂਨੀ ਹਿਸਿਆਂ ਵਿੱਚ ਵੱਖ ਵੱਖ ਨਾਕਾ ਪੁਆਇੰਟਾਂ ਤੇ 24 ਘੰਟੇ ਸਪੈਸ਼ਲ ਨਾਕਾਬੰਦੀ ਕਰਕੇ ਵਹੀਕਲਾਂ ਤੇ ਸ਼ੱਕੀ ਵਿਅਕਤੀਆਂ ਦੀ ਬਰੀਕੀ ਨਾਲ ਚੈਕਿੰਗ ਕੀਤੀ ਜਾ ਰਹੀ ਹੈ।ਸ਼੍ਰੀ ਵਿਸ਼ਾਲਜੀਤ ਸਿੰਘ ਏਡੀਸੀਪੀ ਸਿਟੀ ਵਨ ਅੰਮ੍ਰਿਤਸਰ, ਸ੍ਰੀ ਜਸਪਾਲ ਸਿੰਘ ਏਸੀਪੀ ਕੇਂਦਰੀ ਅੰਮ੍ਰਿਤਸਰ ਮੁੱਖ ਅਫਸਰ ਥਾਣਾ ਈ ਡੀਵੀਜ਼ਨ ਅਤੇ ਡੀ ਡਵੀਜ਼ਨ ਸਮੇਤ ਲੋਕਲ ਪੁਲਿਸ ਅਤੇ ਕਮਾਂਡੋ ਫੋਰਸ ਵੱਲੋਂ ਜੋਨ -1 ਦੇ ਏਰੀਆ ਹਾਲ ਗੇਟ ਤੋਂ ਫਲੈਗ ਮਾਰਚ

# ਗੁਰਦੁਆਰਾ ਸ਼ਹੀਦਾਂ ਸਾਹਿਬ ਦੇ ਸਾਹਮਣੇ ਸਰਕਾਰੀ ਥਾਂ ਤੇ ਸੰਸਥਾ ਵਲੋਂ ਕੀਤਾ ਗਿਆ ਨਜ਼ਾਇਜ ਕਬਜ਼ਾ, ਨਿਗਮ ਕਮਿਸ਼ਨਰ ਨੇ ਤੁਰੰਤ ਢਾਉਣ ਦੇ ਦਿੱਤੇ ਆਦੇਸ਼

**ਅੰਮ੍ਰਿਤਸਰ /ਮਲਕੀਅਤ ਸਿੰਘ**

ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੂੰ ਗੁਰਦੁਆਰਾ ਸ਼ਹੀਦਾਂ ਸਾਹਿਬ ਦੇ ਸਾਹਮਣੇ ਸਰਕਾਰੀ ਥਾਂ ਤੇ ਕਿਸੇ ਸੰਸਥਾ ਵਲੋਂ ਨਜ਼ਾਇਜ ਕਬਜ਼ਾ ਕਰਨ ਸਬੰਧੀ ਸ਼ਿਕਾਇਤ ਪ੍ਰਾਪਤ ਹੋਣ ਤੇ ਨਿਗਮ ਦੇ ਸੰਯੁਕਤ ਕਮਿਸ਼ਨਰ ਡਾ. ਜੈ ਇੰਦਰ ਸਿੰਘ ਨੇ ਨਿੱਜੀ ਤੌਰ ਤੇ ਜਾ ਕੇ ਮੌਕਾ ਵੇਖਿਆ ਅਤੇ ਨਜ਼ਾਇਜ ਕਬਜ਼ਾ ਕਰਨ ਵਾਲਿਆ ਨੂੰ ਸਖਤ ਚਿਤਾਵਨੀ ਦੇ ਕੇ ਕੰਮ ਬੰਦ ਕਰਵਾ ਦਿੱਤਾ। ਮੌਕਾ ਵੇਖਣ ਦੌਰਾਨ ਸਹਾਇਕ ਕਮਿਸ਼ਨਰ ਵਿਸ਼ਾਲ ਵਧਾਵਨ ਅਤੇ ਅਸਟੇਟ ਅਫਸਰ ਧਰਮਿੰਦਰਜੀਤ ਵੀ ਨਾਲ ਸਨ।



ਸੰਯੁਕਤ ਕਮਿਸ਼ਨਰ ਨੇ ਦੱਸਿਆ ਕਿ ਉਨ੍ਹਾਂ ਨੂੰ ਨਗਰ ਨਿਗਮ ਕਮਿਸ਼ਨਰ ਵਲੋਂ ਗੁਰਦੁਆਰਾ ਸ਼ਹੀਦਾਂ ਸਾਹਿਬ ਦੇ ਸਾਹਮਣੇ ਸਰਕਾਰੀ ਥਾਂ ਤੇ ਕਿਸੇ ਸੰਸਥਾ ਵਲੋਂ ਨਜ਼ਾਇਜ ਕਬਜ਼ਾ ਕਰਨ ਸਬੰਧੀ ਸ਼ਿਕਾਇਤ ਦਾ ਮੁਆਇਨਾ ਕਰਨ ਦੇ ਹੁਕਮ ਪ੍ਰਾਪਤ ਹੋਏ ਸਨ ਜਿਸ ਤੇ ਉਨ੍ਹਾਂ ਮੌਕਾ ਵੇਖਿਆ ਅਤੇ ਪਤਾ ਲੱਗਾ ਕਿ ਗੁ ਗੁਰਦੁਆਰਾ ਸ਼ਹੀਦਾਂ ਸਾਹਿਬ ਦੇ ਸਾਹਮਣੇ ਜੋ ਨਗਰ ਨਿਗਮ ਦੀ ਸਰਕਾਰੀ ਜਾਇਦਾਦ ਹੈ ਉਸ ਦੇ ਨਾਲ ਹੀ ਇਕ ਸੰਸਥਾ ਵਲੋਂ ਬਿਲਡਿੰਗ ਦੀ ਉਸਾਰੀ ਦੌਰਾਨ ਪੌੜੀਆਂ ਸਰਕਾਰੀ ਬਿਲਡਿੰਗ ਵਾਲੇ ਪਾਸੇ ਬਣਾ ਲਈਆਂ ਹਨ ਜੋਕਿ ਕਾਨੂੰਨ ਦੇ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਮੌਕੇ ਤੇ ਮੌਜੂਦ ਵਿਅਕਤੀਆਂ ਕੋਲੋਂ ਪੜਤਾਲ ਕਰਨ ਤੇ ਪਤਾ ਲੱਗਾ ਕਿ ਇਹ ਬਿਲਡਿੰਗ ਬਾਬਾ ਭੂਰੀ ਵਾਲਿਆਂ ਵਲੋਂ ਉਸਾਰੀ ਗਈ ਹੈ ਅਤੇ ਉਸਾਰੀ ਕਾਨੂੰਨ ਦੇ ਵਿਰੁੱਧ ਕੀਤੀ ਗਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਸਟੇਟ ਅਫਸਰ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਬਾਬਾ ਭੂਰੀ ਵਾਲਿਆਂ ਨੇ ਇਹ ਬਿਲਡਿੰਗ ਵੀ ਸਰਕਾਰੀ ਥਾਂ ਤੇ ਨਜ਼ਾਇਜ ਕਬਜ਼ਾ ਕਰਕੇ ਉਸਾਰੀ ਕੀਤੀ ਹੈ। ਸੰਯੁਕਤ ਕਮਿਸ਼ਨਰ ਨੇ ਕਿਹਾ ਕਿ ਮੌਕੇ ਤੇ ਕੰਮ ਰੁਕਵਾ ਦਿੱਤਾ ਹੈ ਅਤੇ ਸਰਕਾਰੀ ਥਾਂ ਵਾਲੇ ਪਾਸੇ ਕੱਢੀਆਂ ਪੌੜੀਆਂ ਨੂੰ ਤੁਰੰਤ ਢਾਉਣ ਦੇ ਹੁਕਮ ਵੀ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਨਾ ਤੇ ਕੋਈ ਨਜ਼ਾਇਜ ਉਸਾਰੀ ਬਰਦਾਸਤ ਕੀਤੀ ਜਾਵੇਗੀ ਤੇ ਨਾ ਹੀ ਸਰਕਾਰੀ ਥਾਂ ਤੇ ਕੋਈ ਨਜ਼ਾਇਜ ਕਬਜ਼ਾ ਹੋਣ ਦਿੱਤਾ ਜਾਵੇਗਾ।

# ਪੀਜੀਆਈ ਵਿੱਚ ਦੂਜਾ ਆਰਥਰੋਪਲਾਸਟੀ ਕੋਰਸ ਨਾਇਨ ਆਡੀਟੋਰੀਅਮ ਵਿਖੇ ਆਰੰਭ ਹੋਇਆ

## ਡਾਕਟਰ ਮੋਹਕ ਕਟਾਰੀਆ ਅਤੇ ਹੋਰ ਪ੍ਰਸਿੱਧ ਬੁਲਾਰਿਆਂ ਨੇ ਉੱਨਤ ਤਕਨੀਕਾਂ ਸਾਂਝੀਆਂ ਕੀਤੀਆਂ





**ਚੰਡੀਗੜ੍ਹ/ਅਸ਼ੋਕ ਜੋਸ਼ੀ**

ਆਰਥਰੋਪਲਾਸਟੀ ਸੁਸਾਇਟੀ ਆਫ ਟ ?ਰਾਇਸਿਟੀ ਦੀ ਅਗਵਾਈ ਹੇਠ ਦੂਜਾ ਪੀਜੀਆਈ ਆਰਥਰੋਪਲਾਸਟੀ ਕੋਰਸ ਬੀਤੇ ਦਿਨੀ ਪੀਜੀਆਈ ਦੇ 9 ਆਡੀਟੋਰੀਅਮ ਵਿਖੇ ਆਰੰਭ ਹੋਇਆ ।ਇਸ ਨੂੰ ਦੇਸ਼ ਭਰ ਦੇ ਆਰਥੋਪੈਡਿਕ ਸਰਜਨਾ ਵੱਲੋਂ ਭਰਪੂਰ ਹੁੰਗਾਰਾ ਮਿਲਿਆ।

'ਜਟਲਤਾ ਨੂੰ ਸਰਲ ਬਣਾਉਣਾ ' ਥੀਮ ਅਧੀਨ ਇਹ ਕੋਰਸ ਗੁੰਝਲਦਾਰ ਕਮਰ ਅਤੇ ਗੋਡਿਆਂ ਦੇ ਆਰਥਰੋਪਲਾਸਟੀ ਵਿੱਚ ਉੱਚ ਮੁੱਲ ਵਾਲੀ ਸੂਝ ਪ੍ਰਦਾਨ ਕਰੇਗਾ ।

ਉਦਘਾਟਨੀ ਸੈਸ਼ਨ ਵਿੱਚ ਆਰਥੋਪੈਡਿਕ ਸਰਜਰੀ ਵਿਭਾਗ ਦੇ ਮੁਖੀ ਆਰਥੋਪਲਾਸਟੀ ਸੋਸਾਇਟੀ ਆਫ ਟਰਾਈਸਿਟੀ ਦੇ ਪ੍ਰਬੰਧਕੀ ਚੇਅਰਮੈਨ ਤੇ ਜਨਰਲ ਸਕੱਤਰ ਪ੍ਰੋਫੈਸਰ ਵਿਜੇ ਗੋਨੀ ਵੱਲੋਂ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ ।ਪਤਵੰਤਿਆਂ ਨੇ ਜੋੜਾਂ ਨੂੰ ਬਦਲਣ ਦੀਆਂ ਸਰਜੀਆਂ ਵਿੱਚ ਸਬੂਤ ਅਧਾਰਤ ਵਿਹਾਰਿਕ ਸਿਖਲਾਈ ਦੀ ਮਹੱਤਵਪੂਰਨ ਜਰੂਰਤ ਨੂੰ ਉਜਾਗਰ ਕੀਤਾ।

ਕੋਰਸ ਦੇ ਪਹਿਲੇ ਦਿਨ ਲਾਈਵ ਸਰਜੀਕਲ ਪ੍ਰਦਰਸ਼ਨ ਵਿੱਚ ਹਾਜਰੀਨ ਨੇ ਪ੍ਰਮੁੱਖ ਮਾਹਰਾਂ ਵੱਲੋਂ ਕੀਤੇ ਗਏ ਗੁੰਜਲਦਾਰ ਗੋਡਿਆਂ ਅਤੇ ਕਮਰ ਬਦਲਣ ਵਿੱਚ ਅਤਿ ਆਧੁਨਿਕ ਪ੍ਰਕਿਰਿਆਵਾਂ ਨੂੰ ਵੇਖਿਆ। ਇਸ ਦੌਰਾਨ ਦਸਤਖਤ ਅਤੇ ਮਾਸਟਰ ਕਲਾਸ ਸੈਸ਼ਨ ਵਿੱਚ ਅੰਗਾਂ ਦੀ ਅਲਾਈਨਮੈਂਟ , ਹੱਡੀਆਂ ਦੇ ਨੁਕਸਾਨ ਪ੍ਰਬੰਧਨ ਤੇ ਪੈਟੇਲਰ ਵਿਕਾਰ ਨੂੰ ਸੰਭਾਲਣ ਵਰਗੇ ਵਿਸ਼ਿਆਂ ਨੂੰ ਡੂੰਘਾਈ ਨਾਲ ਕਵਰ ਕੀਤਾ ਗਿਆ । ਇਸ ਮੌਕੇ ਡਾਕਟਰ ਮੋਹਕ ਕਟਾਰੀਆ ਜੋ ਟੋਕਿਓ ਜਪਾਨ ਤੋਂ ਸ਼ੋਲਡਰ ਅਤੇ ਐਲਬੋ ਸਰਜਰੀ ਵਿੱਚ ਫੈਲੋਸ਼ਿਪ ਪ੍ਰਾਪਤ ਹਨ ਤੋਂ ਇਲਾਵਾ ਡਾਕਟਰ ਹਰੀਓਮ ਅੱਗਰਵਾਲ ਅਤੇ ਡਾਕਟਰ ਐਚਐਸ ਗਿੱਲ ਵਰਗੇ ਪ੍ਰਸਿੱਧ ਬੁਲਾਰਿਆਂ ਨੇ ਪ੍ਰਾਈਮਰੀ ਟੋਟਲ ਗੋਡੇ ਆਰਥਰੋਪਲਾਸਟੀ( ਟੀ ਕੇ ਏ ) ਵਿੱਚ ਉਨਤ ਤਕਨੀਕਾਂ ਸਾਂਝੀਆਂ ਕੀਤੀਆਂ । ਇਸ ਦੌਰਾਨ ਹੋਈ ਪੈਨਲ ਚਰਚਾ ਵਿੱਚ ਡਾਕਟਰ ਵਿਜੇ ਗੋਨੀ , ਡਾਕਟਰ ਵਿਜੇ ਕੁਮਾਰ ,

# 6 ਜੂਨ ਨੂੰ ਸ਼ਹੀਦੀ ਸਮਾਗਮ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਸਮੂਹ ਸੰਗਤ ਹੁੰਮ—ਹੁਮਾ ਕੇ ਪਹੁੰਚੋ—ਜਥੇਦਾਰ ਭਾਈ ਸੁਖਦੇਵ ਸਿੰਘ ਖਾਲਸਾ ਮੁੱਖ ਬੁਲਾਰਾ ਦਮਦਮੀ ਟਕਸਾਲ

**ਫਿਰੋਜ਼ਪੁਰ/ਮਨੋਹਰ ਲਾਲ**

6 ਜੂਨ ਨੂੰ ਸ਼ਹੀਦੀ ਸਮਾਗਮ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਸਮੂਹ ਸੰਗਤਾਂ ਹੁੰਮ ਹੁਮਾ ਕੇ ਪਹੁੰਚੋ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਜਥੇਦਾਰ ਭਾਈ ਸੁਖਦੇਵ ਸਿੰਘ ਖਾਲਸਾ ਮੁੱਖ ਬੁਲਾਰਾ ਦਮਦਮੀ ਟਕਸਾਲ ਨੇ ਕਿਹਾ ਕਿ 6 ਜੂਨ ਨੂੰ ਸ਼ਹੀਦੀ ਸਮਾਗਮ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ



ਵਿਖੇ ਸਮੂਹ ਸੰਗਤਾਂ ਹੁੰਮ ਹੁਮਾ ਕੇ ਪਹੁੰਚੋ। ਇਸ ਸ਼ਹੀਦੀ ਸਮਾਗਮ ਵਿਚ ਮਹਾਂਪੁਰਖ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲੇ ਮੁਖੀ ਦਮਦਮੀ ਟਕਸਾਲ ਦੀ ਸੁਚੱਜੀ ਅਗਵਾਈ ਵਿਚ 41ਵਾਂ ਸਮਾਗਮ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਦੇਸ਼—ਵਿਦੇਸ਼ ਦੀਆਂ ਸੰਗਤਾਂ ਹੁੰਮ—ਹੁਮਾ ਕੇ ਪਹੁੰਚ ਰਹੀਆਂ ਹਨ। ਭਾਈ ਸਾਹਿਬ ਨੇ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਸਮੂਹ ਸੰਗਤਾਂ ਇਸ ਸ਼ਹੀਦੀ ਸਮਾਗਮ ਵਿਚ ਹੁੰਮ—ਹੁਮਾ ਕੇ ਪਹੁੰਚੋ।

# ਪੀ. ਏ. ਯੂ.-ਕ੍ਰਿਸ਼ੀ ਵਿਗਿਆਨ ਕੇਂਦਰ, ਫਿਰੋਜ਼ਪੁਰ ਵੱਲੋਂ ਕਿਸਾਨਾਂ ਵਿੱਚ ਜਾਗਰੂਕਤਾ ਲਈ ਵਿਕਸਿਤ ਕ੍ਰਿਸ਼ੀ ਸੰਕਲਪ ਅਭਿਆਨ ਛੇਵੇਂ ਦਿਨ ਵੀ ਜਾਰੀ

**ਫਿਰੋਜ਼ਪੁਰ /ਮਨੋਹਰ ਲਾਲ**

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਫਿਰੋਜ਼ਪੁਰ ਵੱਲੋਂ ਵਿਕਸਿਤ ਕ੍ਰਿਸ਼ੀ ਸੰਕਲਪ ਅਭਿਆਨ ਅਧੀਨ 29 ਮਈ 2025 ਤੋਂ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਇਫਕੋ ਅਤੇ ਹੋਰ ਖੇਤੀ ਸਬੰਧੀ ਅਦਾਰਿਆਂ ਨਾਲ ਮਿਲ ਕੇ ਲਗਾਤਾਰਤਾ ਵਿੱਚ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ੍ਹ ਵਿਕਸਿਤ ਕ੍ਰਿਸ਼ੀ ਸੰਕਲਪ ਅਭਿਆਨ ਦਾ ਮੁੱਖ ਉਦੇਸ਼ ਦੇਸ਼ ਭਰ ਵਿੱਚ 2000 ਵਿਗਿਆਨੀਆਂ ਦਾ ਡੇਢ ਕਰੋੜ ਤੋਂ




ਵੱਧ ਕਿਸਾਨਾਂ ਨਾਲ ਸਾਉਣੀ ਦੀਆਂ ਫਸਲਾਂ ਦੀ ਅਗਲੇਰੀ ਜਾਣਕਾਰੀ ਸਾਂਝਾ ਕਰਨ ਦੇ ਨਾਲ-ਨਾਲ ਫੀਡਬੈਕ ਪ੍ਰਾਪਤ ਕਰਨਾ ਹੈ। ਇਸੇ ਲੜੀ ਅਧੀਨ ਮਿਤੀ 3 ਜੂਨ 2025 ਨੂੰ ਫਿਰੋਜ਼ਪੁਰ ਜਿਲੇ ਦੇ ਪਿੰਡਾਂ ਤਲੇਵਾਲਾ ਹੱਡੀਵਾਲਾ, ਚੱਕ ਮਹੰਤਾਂਵਾਲਾ, ਲੈਪੋ, ਗਹਿਰੀ, ਪੰਜੇ ਕੇ ਉਤਾੜ, ਸਵਾਯਾ ਰਾਏ ਉਤਾੜ, ਕਾਹਨ ਸਿੰਘ ਵਾਲਾ ਵਿਖੇ ਕੇ ਵੀ ਕੇ ਫਿਰੋਜ਼ਪੁਰ ਅਤੇ ਹੋਰਨਾਂ ਵਿਭਾਗਾਂ ਦੀ ਟੀਮ ਵੱਲੋਂ ਕਿਸਾਨ-ਵਿਗਿਆਨੀ ਮਿਲਣੀਆਂ ਆਯੋਜਿਤ ਕੀਤੀਆਂ ਗਈਆਂ੍ਹ ਪੀ ਏ ਯੂ-ਕ੍ਰਿਸ਼ੀ ਵਿਗਿਆਨ ਕੇਂਦਰ, ਫਿਰੋਜ਼ਪੁਰ ਦੇ ਡਿਪਟੀ ਡਾਇਰੈਕਟਰ (ਸਿਖਲਾਈ), ਡਾ ਗੁਰਮੇਲ ਸਿੰਘ ਦੀ ਅਗਵਾਈ ਹੇਠ ਬਣੀਆਂ ਟੀਮਾਂ ਨੇ ਇਹਨਾਂ ਪਿੰਡਾਂ ਵਿੱਚ ਸਾਉਣੀ ਦੀਆਂ ਫਸਲਾਂ ਦੇ ਵਿੱਚ ਅਗਲੇਰੇ ਤਕਨੀਕੀ ਪ੍ਰਬੰਧ, ਮਿੱਟੀ ਅਤੇ ਪਾਣੀ ਪਰਖ, ਸਬਜ਼ੀਆਂ ਅਤੇ ਫਲਾਂ ਨੂੰ ਵਧੇਰੇ ਤਾਪਮਾਨ ਤੋਂ ਬਚਾਅ ਲਈ ਵਿਗਿਆਨਕ ਸਲਾਹ ਅਤੇ ਫਸਲਾਂ ਵਿੱਚ ਕੀਟ ਅਤੇ ਬੀਮਾਰੀ ਪ੍ਰਬੰਧਨ ਸਬੰਧੀ ਜਾਣਕਾਰੀ ਦਿੱਤੀ ਗਈ।ਕੈਂਪ ਤੋਂ ਬਾਅਦ ਖੇਤਾਂ ਦਾ ਦੌਰਾ ਕਰਕੇ ਵਿਗਿਆਨੀਆਂ ਨੇ ਕਿਸਾਨਾਂ ਨੂੰ ਪੇਸ਼ ਆਉਣ ਵਾਲੀਆਂ ਮੁਸ਼ਕਿਲਾਂ ਦਾ ਮੌਕੇ ਤੇ ਹੱਲ ਕੀਤਾ੍ਹ ਕਿਸਾਨਾਂ ਨੂੰ ਸਾਉਣੀ ਦੀਆਂ ਫਸਲਾਂ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਇਸ ਅਭਿਆਨ ਅਧੀਨ ਭਾਰਤ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਜਾਣੂ ਕਰਵਾਇਆ ਅਤੇ ਇਸ ਸਬੰਧੀ ਸਾਹਿਤ ਵੀ ਵੰਡਿਆ ਗਿਆ੍ਹ ਟੀਮ ਵਿੱਚ ਮੌਜੂਦ ਮਾਹਿਰਾਂ ਨੇ ਕਿਸਾਨਾਂ ਨੂੰ ਖੇਤੀ ਸਹਾਇਕ ਧੰਦੇ ਅਪਨਾ ਕੇ ਆਮਦਨ ਵਧਾਉਣ ਲਈ ਪ੍ਰੇਰਿਆ।

ਕੈਂਪ ਦੇ ਅੰਤ ਵਿੱਚ ਟੀਮ ਵੱਲੋਂ ਕਿਸਾਨਾਂ ਤੋਂ ਫੀਡਬੈਕ ਲਈ ਗਈ ਅਤੇ ਕੈਂਪ ਵਿੱਚ ਸ਼ਾਮਿਲ ਕਿਸਾਨ ਵੀਰਾਂ ਦਾ ਧੰਨਵਾਦ ਕੀਤਾ। ਟੀਮ ਨੇ ਕਿਸਾਨਾਂ ਨੂੰ ਪੀ ਏ ਯੂ - ਕ੍ਰਿਸ਼ੀ ਵਿਗਿਆਨ ਕੇਂਦਰ ਫਿਰੋਜ਼ਪੁਰ ਨਾਲ ਜੁੜ ਕੇ ਖੇਤੀ ਪ੍ਰਤੀ ਸੁਵਿਧਾਵਾਂ ਦਾ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ ਲਈ ਪ੍ਰੇਰਿਆ।

# ਕਿਸਾਨਾਂ ਪ੍ਰਤੀ ਸੈਂਟਰ ਤੇ ਰਾਜ ਸਰਕਾਰਾਂ ਦੀ ਨੀਅਤ ਸਾਫ ਨਹੀਂ: ਸੁਖਜਿੰਦਰ ਸਿੰਘ ਖੋਸਾ

ਫਿਰੋਜ਼ਪੁਰ /ਮਨੋਹਰ ਲਾਲ)

ਕਿਸਾਨਾਂ ਪ੍ਰਤੀ ਚਿੰਤਿਤ ਭਾਰਤੀ ਕਿਸਾਨ ਯੂਨੀਅਨ ਖੋਸਾ ਨੇ ਪੂਰੇ ਪੰਜਾਬ ਵਿੱਚ ਮੀਟਿੰਗ ਦਾ ਲੜੀਵਾਰ ਸਿਲਸਿਲਾ ਸ਼ੁਰੂ ਕੀਤਾ ਇਸੇ ਕੜੀ ਤਹਿਤ ਫਿਰੋਜ਼ਪੁਰ ਜਾਮਨੀ ਸਾਹਿਬ ਬਜੀਦਪੁਰ ਗੁਰਦੁਆਰਾ ਸਾਹਿਬ ਵਿਖੇ ਭਾਰਤੀ ਕਿਸਾਨ ਯੂਨੀਅਨ ਖੋਸਾ ਦੀ ਅਹਿਮ ਮੀਟਿੰਗ ਜਿਲ੍ਹਾ ਪ੍ਰਧਾਨਪਰਮਜੀਤ ਸਿੰਘ ਭੁੱਲਰ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਕੌਮੀ ਪ੍ਰਧਾਨ ਸੁਖਜਿੰਦਰ ਸਿੰਘ ਖੋਸਾ, ਫਤਹਿ ਸਿੰਘ ਕੋਟ ਕਰੋੜ ਸੀਨੀਅਰ ਮੀਤ ਪ੍ਰਧਾਨ, ਜਸਵੀਰ ਸਿੰਘ ਢੋਲੇਵਾਲਾ ਮੀਤ ਪ੍ਰਧਾਨ , ਬਲਦੇਵ ਸਿੰਘ ਭੁੱਲਰ ਸੂਬਾ ਕਮੇਟੀ ਮੈਬਰ, ਕੁਲਵਿੰਦਰ ਸਿੰਘ ਰਟੋਲ ਰੋਹੀ ਸੂਬਾ ਕਮੇਟੀ ਪੰਜਾਬ ਵਿਸ਼ੇਸ਼ ਤੌਰ 'ਤੇ ਪਹੁੰਚੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੁਖਜਿੰਦਰ ਸਿੰਘ ਖੋਸਾ ਨੇ ਕਿਹਾ ਸੈਂਟਰ ਸਰਕਾਰ ਰਾਜ ਸਰਕਾਰਾਂ ਕਿਸਾਨਾਂ ਪ੍ਰਤੀ ਆਪਣੀ ਨੀਅਤ ਸਾਫ ਕਰਨ ਝੋਨੇ ਦੇ ਰੇਟਾਂ ਵਿਚ ਮਮੂਲੀ ਵਾਧਾ ਕਰਕੇ ਸਰਕਾਰ ਨੇ ਕਿਸਾਨਾਂ ਨਾਲ ਕੋਝਾ ਮਜ਼ਾਕ ਕੀਤਾ ਜੋ ਕਿ ਹਰਗਿਜ਼ ਸਵੀਕਾਰ ਨਹੀਂ ਕੀਤਾ ਜਾਵੇਗਾ ਨਾਲ ਹੀ ਖੋਸਾ ਨੇ ਕਿਹਾ ਆਉਣ ਵਾਲੇ ਸਮੇਂ ਵਿੱਚ ਬਹੁਤ



ਵੱਡਾ ਇਕੱਠ ਕਰਕੇ ਸਰਕਾਰ ਦੀਆ ਪਿੱਠੂ ਕਿਸਾਨ ਜਥੇਬੰਦੀਆਂ ਦਾ ਚੇਹਰਾ ਲੋਕਾਂ ਅੱਗੇ ਲਿਆਂਦਾ ਜਾਵੇਗਾ ਉਨ੍ਹਾਂ ਲੋਕਾਂ ਕਰਕੇ ਵੱਡੇ ਵੱਡੇ ਸੰਘਰਸ਼ਾਂ ਨੂੰ ਅੰਦਰ ਖਾਤੇ ਬਹੁਤ ਵੱਡੇ ਪੱਧਰ ਤੇ ਡਾਹ ਲੱਗੀ ਜੇਕਰ ਕੁੱਝ ਲੋਕ ਸਰਕਾਰਾਂ ਦੇ ਪਿੱਠੂ ਨਾ ਬਣਦੇ ਸਰਕਾਰਾਂ ਨੇ ਕਦੋ ਦੀਆਂ ਸਾਰੀਆਂ ਮੰਗਾਂ ਨੂੰ ਪੂਰਾ ਕਰ ਲਾਗੂ ਕਰ ਦੇਣਾ ਅੱਗੇ ਖੋਸਾ ਨੇ ਕਿਹਾ ਭਾਰਤੀ ਕਿਸਾਨ ਯੂਨੀਅਨ ਖੋਸਾ ਕਿਸੇ ਵੀ ਕੀਮਤ 'ਤੇ ਵਾਹੀਯੋਗ ਜ਼ਮੀਨਾ ਕਦੇ ਵੀ ਐਕਵਾਇਰ ਨਹੀ ਹੋਣ ਦੇਵੇਗੀ। ਕੌਮੀ ਪ੍ਰਧਾਨ ਸੁਖਜਿੰਦਰ ਸਿੰਘ ਖੋਸਾ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਅਜਿਹੀਆ ਕੋਝੀਆ ਹਰਕਤਾ ਤੇ ਬਾਜ ਨਾ ਆਈ ਤਾ ਖੋਸਾ ਯੂਨੀਅਨ ਹਰੇਕ ਜ਼ਿਲ੍ਹੇ ਦੇ ਡੀ ਐਮ ਓ ਦਫਤਰਾ ਅੱਗੇ ਅਣਮਿੱਥੇ ਸਮੇਂ ਲਈ ਧਰਨਾ ਦੇਵੇਗੀ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਭੁੱਲਰ ਨੇ ਕਿਹਾ ਕਿ ਝੋਨੇ ਦਾ ਸੀਜ਼ਨ ਸ਼ੁਰੂ ਹੋਇਆ ਹੈ, ਪੰਜਾਬ ਸਰਕਾਰ ਨਿਰਵਿਘਨ ਬਿਜਲੀ ਚਲਾਵੇ ਤਾ ਜੋ ਕਿਸਾਨਾ ਨੂੰ ਕੋਈ ਪ੍ਰੇਸ਼ਾਨੀ ਨਾ ਹੋ ਸਕੇ। ਇਸ ਮੌਕੇ ਚਰਨਜੀਤ ਸਿੰਘ ਬਲਾਕ ਪ੍ਰਧਾਨ ਫਿਰੋਜ਼ਪੁਰ, ਸੁਰਜੀਤ ਸਿੰਘ ਸੱਗੂ ਜ਼ਿਲ੍ਹਾ ਖਜਾਨਚੀ ਗੁਰਨਾਮ ਸਿੰਘ ਬਜੀਦਪੁਰਦਲੀਪ ਸਿੰਘ ਐਸ ਡੀ ਓ ਸਾਹਬ ਸੁਖਦੇਵ ਸਿੰਘ ਫਿਡੇ ਜ਼ਿਲ੍ਹਾ ਕਮੇਟੀ ਮੈਂਬਰ, ਗੁਰਦੀਪ ਸਿੰਘ ਮੀਤ ਪ੍ਰਧਾਨ ਬਲਾਕ ਫਿਰੋਜ਼ਪੁਰ, ਮਨਪ੍ਰੀਤ ਸਿੰਘ ਜਨਰਲ ਸਕੱਤਰ ਬਲਾਕ ਫਿਰੋਜ਼ਪੁਰ, ਮੇਲਾ ਸਿੰਘ ਹਰਦਾਸਾ ਜ਼ਿਲ੍ਹਾ ਮੀਤ ਪ੍ਰਧਾਨ, ਕਿਰਪਾਲ ਸਿੰਘ ਸ਼ਾਸਕ ਜ਼ਿਲ੍ਹਾ ਪ੍ਰੈਸ ਸਕੱਤਰ, ਬਲਜੀਤ ਸਿੰਘ ਇਕਾਈ ਪ੍ਰਧਾਨ ਝੋਕ ਹਰੀਹਰ, ਮੇਜਰ ਸਿੰਘ ਸ਼ਸਕ, ਅਵਤਾਰ ਸਿੰਘ ਸ਼ਸਕ, ਬਰਜਿੰਦਰ ਸਿੰਘ ਸ਼ਾਸਕ, ਕੇਵਲ ਸਿੰਘ ਸਕ, ਡਾ. ਕਮਲਜੀਤ ਸਿੰਘ ਸ਼ਾਸਕ, ਪ੍ਰੇਮ ਸਿੰਘ ਸ਼ਾਸਕ, ਕੁਲਵਿੰਦਰ ਸਿੰਘ ਰਟੋਲ ਰੋਹੀ, ਮੰਗਲ ਸਿੰਘ ਚੰਗਾਲੀ ਜ਼ਿਲ੍ਹਾ ਮੀਤ ਪ੍ਰਧਾਨ, ਸੁਖਮੰਦਰ ਸਿੰਘ ਜ਼ਿਲ੍ਹਾ ਕਮੇਟੀ ਮੈਬਰ, ਕਰਮਜੀਤ ਸਿੰਘ ਖਜ਼ਾਨਚੀ,, ਗਮਦੂਰ ਸਿੰਘ ਹਰਦਾਸਾ, ਸੁਰਜੀਤ ਸਿੰਘ ਜ਼ਿਲ੍ਹਾ ਮੀਤ ਪ੍ਰਧਾਨ ਕੱਸੋਆਣਾ, ਵਿਰਸਾ ਸਿੰਘ ਭਾਈ ਕੋਟੀਆ ਤੇ ਸਰਵਨ ਸਿੰਘ ਝੋਕ ਹਰੀਹਰ ਹਾਜ਼ਰ ਸਨ।

# ਨਸ਼ਿਆਂ ਨੇ ਪੰਜਾਬ ਦੇ ਨੌਜਵਾਨਾਂ ਨੂੰ ਗਿਰਫ਼ਤ ਵਿਚ ਲੈ ਕੇ ਘਰ-ਪਰਿਵਾਰ ਤੱਕ ਬਰਬਾਦੀ ਦੇ ਕਿਨਾਰੇ ਲਾ ਦਿੱਤਾ

ਫਿਰੋਜ਼ਪੁਰ/ਮਨੋਹਰ ਲਾਲ

ਪੰਜਾਬ ਅੱਜ ਇੱਕ ਵੱਡੀ ਮੰਡੀ ਨਹੀਂ, ਸਗੋਂ ਇੱਕ ਦਰਦ ਭਰੀ ਕਹਾਣੀ ਬਣ ਗਿਆ ਹੈ। ਨਸ਼ਿਆਂ ਦੀ ਲਤ ਨੇ ਕੇਵਲ ਨੌਜਵਾਨਾਂ ਨੂੰ ਨਹੀਂ, ਸਗੋਂ ਘਰ, ਪਰਿਵਾਰ, ਖੇਤਾਂ, ਇਸਤਰੀਆਂ ਅਤੇ ਬੱਚਿਆਂ ਨੂੰ ਵੀ ਆਪਣੀ ਚਪੇਟ ਵਿੱਚ ਲੈ ਲਿਆ ਹੈ। ਨਸ਼ਿਆਂ ਦੀ ਵਰਤੋਂ ਪਿੱਛਲੇ ਕੁਝ ਦਹਾਕਿਆਂ ਵਿੱਚ ਇਸ ਤਰ੍ਹਾਂ ਵਧੀ ਹੈ ਕਿ ਹੁਣ ਇਹ ਸਿਰਫ਼ ਨਸ਼ੀਲੀ

**ਨਸ਼ਾ ਮੁਕਤੀ ਕੇਂਦਰ ਵੀ ਵਪਾਰ ਬਣ ਗਏ, ਪੰਜਾਬ ਲਈ ਚੁੱਕਣੀ ਪਵੇਗੀ ਸਾਂਝੀ ਜ਼ਿੰਮੇਵਾਰੀ**

ਵਸਤੂਆਂ ਦੀ ਗੱਲ ਨਹੀਂ ਰਹੀ, ਸਗੋਂ ਇਹ ਪੂਰੇ ਸਮਾਜ ਦੀ ਸਾਂਝੀ ਤਬਾਹੀ ਦਾ ਰੂਪ ਧਾਰ ਚੁੱਕੀ ਹੈ। ਪੰਜਾਬ ਵਿੱਚ ਵੋਟਾਂ ਦੀ ਰਾਜਨੀਤੀ, ਅੰਦਰੂਨੀ ਰਾਜਨੀਤਿਕ ਦਲਾਂ ਦੀ ਲਾਲਚ ਅਤੇ ਨੌਕਰਸ਼ਾਹੀ ਦੀ ਚੁੱਪੀ ਨੇ ਇਸ ਸਮੱਸਿਆ ਨੂੰ ਹੋਰ ਵੀ ਗੰਭੀਰ ਬਣਾਇਆ ਹੈ। ਨੌਜਵਾਨਾਂ ਲਈ "ਫਰੀ, ਨਹੀਂ ਨਹੀਂ" ਦੇ ਨਾਅਰਿਆਂ ਹੇਠ ਨਸ਼ਿਆਂ ਦੀ ਆਫ਼ਰ ਕੀਤੀ ਜਾਂਦੀ ਹੈ। ਕਈ ਨੌਜਵਾਨ ਆਪਣੇ ਕੰਮ-ਕਾਜ ਨਾਲ ਲਗੇ ਹੋਏ ਵੀ ਅਖੀਰਕਾਰ ਨਸ਼ਿਆਂ, ਜੁਰਮ ਅਤੇ ਚੋਰੀ ਦੀ ਗੱਲੀ ਵਿਚ ਪੈ ਜਾਂਦੇ ਹਨ।

ਜਦ ਨੌਜਵਾਨ ਨਸ਼ਿਆਂ ਕਰਕੇ ਜੇਲਾਂ ਵਿਚ ਪਹੁੰਚਦੇ ਹਨ, ਉਥੇ ਵੀ ਉਹ ਨਸ਼ੇ ਤੋਂ ਨਹੀਂ ਬਚਦੇ। ਉਹ ਆਪਣੀ ਆਤਮਾ ਨੂੰ ਗੁਆ ਬੈਠਦੇ ਹਨ ਅਤੇ ਉਨ੍ਹਾਂ ਦੇ ਪਰਿਵਾਰ ਤਕਲੀਫ਼ਾਂ ਵਿੱਚ ਦੱਬ ਜਾਂਦੇ ਹਨ। ਇਹ ਸਿਰਫ ਨਸ਼ੇੜੀ ਦੀ ਸਜ਼ਾ ਨਹੀਂ, ਸਗੋਂ ਪੂਰੇ ਪਰਿਵਾਰ ਦੀ ਸਜ਼ਾ ਬਣ ਜਾਂਦੀ ਹੈ। ਹੁਣ ਤਾਂ ਨਸ਼ਾ



ਮੁਕਤੀ ਕੇਂਦਰ ਵੀ ਵਿਅਪਾਰ ਦਾ ਰੂਪ ਧਾਰ ਗਏ ਹਨ। ਜਿੱਥੇ ਉਮੀਦ ਮਿਲਣੀ ਸੀ, ਉਥੇ ਵੀ ਧੋਖਾ ਮਿਲ ਰਿਹਾ ਹੈ। ਆਮ ਲੋਕ, ਧਰਮ ਦੇ ਰਖਵੇਂ, ਸਿਆਸੀ ਆਗੂ ਤੇ ਅਧਿਆਪਕ - ਕੋਈ ਵੀ ਇੰਨੇ ਖ਼ਤਰਨਾਕ ਹਾਲਾਤਾਂ ਤੋਂ ਬਚਿਆ ਨਹੀਂ। ਪੰਜਾਬ ਦੀ ਜੋ ਪਛਾਣ ਸੀ - ਖੇਤੀ, ਮਿਹਨਤ, ਧਰਮ, ਗਿਆਨ - ਉਹ ਅੱਜ ਧੀਰੇ-ਧੀਰੇ ਮਿਟ ਰਹੀ ਹੈ।ਜੇ ਅਸੀਂ ਚਾਹੁੰਦੇ ਹਾਂ ਕਿ ਪੰਜਾਬ ਮੁੜ ਇੱਕ ਨਵਾ ਪੰਜਾਬ ਬਣੇ, ਤਾਂ ਇਹ ਸਿਰਫ ਰਾਜਨੀਤਿਕ ਦਲਾਂ ਦੀ ਨਹੀਂ, ਸਗੋਂ ਹਰ ਨਾਗਰਿਕ ਦੀ ਸਾਂਝੀ ਜ਼ਿੰਮੇਵਾਰੀ ਹੈ। "ਤੈਨੂੰ ਕੀ, ਸਾਨੂੰ ਕੀ" ਵਾਲੀ ਸੋਚ ਤੋਂ ਉੱਪਰ ਚੱਢ ਕੇ, ਸਾਨੂੰ ਆਤਮ-ਮੰਥਨ ਕਰਨਾ ਹੋਵੇਗਾ। ਅਸੀਂ ਗੁਰੂ ਗੋਬਿੰਦ ਸਿੰਘ ਜੀ ਅਤੇ ਗੁਰੂ ਤੇਗ ਬਹਾਦਰ ਜੀ ਵਰਗੀਆਂ ਬਲਿਦਾਨੀਆਂ ਦੀ ਧਰਤੀ 'ਤੇ ਵੱਸ ਰਹੇ ਹਾਂ। ਇਹ ਧਰਤੀ ਨਸ਼ਿਆਂ ਦੀ ਮੰਡੀ ਨਹੀਂ, ਗੁਰਬਾਣੀ ਦੇ ਨਗਮਿਆਂ ਦੀ ਗੂੰਜ ਹੋਣੀ ਚਾਹੀਦੀ ਹੈ। ਅਸੀਂ ਇਹ ਵਚਨ ਲਈਏ ਕਿ ਅਸੀਂ ਨਸ਼ਿਆਂ ਦੇ ਅੱਗੇ ਨਹੀਂ ਝੁਕਾਂਗੇ। ਨਸ਼ਾ ਛੱਡੋ, ਸੱਚੇ ਨਾਮ ਨਾਲ ਜੁੜੋ - ਇਹੀ ਹੈ ਅਸਲ ਨਸ਼ਾ।

# ਸ਼ਹੀਦ ਭਗਤ ਸਿੰਘ ਮਾਡਲ ਸਕੂਲ ਦੇ ਵਿਦਿਆਰਥੀਆਂ ਨੇ ਲਗਾਈ ਠੰਡੇ ਮਿੱਠੇ ਜਲ ਦੀ ਛਬੀਲ

ਫ਼ਿਰੋਜ਼ਪੁਰ /ਮਨੋਹਰ ਲਾਲ

ਸਰਹੱਦੀ ਇਲਾਕੇ ਦੀ ਸਿੱਖਿਆ ਦੇ ਖੇਤਰ ਵਿੱਚ ਨਾਮਵਰ ਸੰਸਥਾ ਸ਼ਹੀਦ ਭਗਤ ਸਿੰਘ ਮਾਡਲ ਸਕੂਲ ਭਾਨੇ ਵਾਲਾ




ਦੇ ਵਿਦਿਆਰਥੀਆਂ ਨੇ ਅੱਜ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੋ ਕੇ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ। ਇਸ ਮੌਕੇ ਸਕੂਲ ਦੇ ਬੱਚਿਆ ਨੇ ਸਕੂਲ ਦੇ ਬਾਹਰ ਛਬੀਲ ਲਗਾ ਕੇ ਆਉਣ ਜਾਣ ਵਾਲੇ ਰਾਹਗੀਰਾ ਨੂੰ ਪਾਣੀ ਪਿਲਾ ਕੇ ਗਰਮੀ ਤੋ ਰਾਹਤ ਦਿਵਾਈ। ਇਸ ਮੌਕੇ ਸਕੂਲ ਪ੍ਰਿੰਸੀਪਲ ਨਰਿੰਦਰ ਸਿੰਘ ਕੇਸਰ ਨੇ ਦੱਸਿਆ ਕਿ ਇਹ ਸਕੂਲ ਜਿੱਥੇ ਸਿੱਖਿਆ ਦੇ ਖੇਤਰ ਵਿੱਚ ਮੱਲਾਂ ਮਾਰ ਰਿਹਾ ਹੈ ਉੱਥੇ ਬੱਚਿਆਂ ਵਿੱਚ ਸਮਾਜਿਕ, ਸੱਭਿਆਚਾਰਕ ਅਤੇ ਧਾਰਮਿਕ ਮਹੱਤਤਾ ਨੂੰ ਉਜਾਗਰ ਕਰਨ ਲਈ ਕਈ ਉਪਰਾਲੇ ਕਰ ਰਿਹਾ ਹੈ। ਇਸ ਮੌਕੇ ਸਕੂਲ ਦੇ ਸੀਨੀਅਰ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਸਾਰੀ ਸੇਵਾ ਆਪ ਕੀਤੀ। ਇਸ ਮੌਕੇ ਵਿਦਿਆਰਥੀਆਂ ਨੂੰ ਗੁਰੂ ਅਰਜਨ ਦੇਵ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ ਗਿਆ। ਇਸ ਮੌਕੇ ਵਾਈਸ ਪ੍ਰਿੰਸੀਪਲ ਸ਼੍ਰੀਮਤੀ ਸੁਨੀਲ ਰਾਣਾ, ਬਲਵੀਰ ਕੌਰ, ਸਾਕਸ਼ੀ, ਕੁਲਦੀਪ ਕੌਰ, ਸਰਿਤਾ, ਸਲਮਾ, ਮਨਦੀਪ ਕੌਰ, ਵਿਸ਼ਾਖਾ, ਮਿਨਾਕਸ਼ੀ ਆਦਿ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਸਮਾਣਾ ਸੜਕ ਹਾਦਸੇ: ਇਨਸਾਫ਼ ਦੀ ਮੰਗ ਨੂੰ ਲੈ ਕੇ ਫਿਰੋਜ਼ਪੁਰ 'ਚ ਰੋਸ ਪ੍ਰਦਰਸ਼ਨ

## "ਕਾਤਲਾਂ ਦੀ ਗ੍ਰਿਫਤਾਰੀ ਤੱਕ ਸੰਘਰਸ਼ ਜਾਰੀ ਰਹੇਗਾ": ਜਾਗੋ ਪੇਰੈਂਟਸ ਜਾਗੋ ਵੈਲਫੇਅਰ ਸੁਸਾਇਟੀ

ਫਿਰੋਜ਼ਪੁਰ/ਮਨੋਹਰ ਲਾਲ

ਸਮਾਣਾ ਸੜਕ ਹਾਦਸਿਆਂ ਵਿੱਚ ਮਾਰੇ ਗਏ ਬੇਕਸੂਰ ਬੱਚਿਆਂ ਨੂੰ ਇਨਸਾਫ਼ ਦਿਵਾਉਣ ਦੀ ਮੰਗ ਨੂੰ ਲੈ ਕੇ ਅੱਜ ਜਾਗੋ ਪੇਰੈਂਟਸ ਜਾਗੋ ਵੈਲਫੇਅਰ ਸੁਸਾਇਟੀ ਵੱਲੋਂ ਫ਼ਿਰੋਜ਼ਪੁਰ 'ਚ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਸੜਕ ਹਾਦਸੇ ਵਿਚ ਮਾਰੇ ਗਏ ਬੱਚਿਆਂ ਨੂੰ ਜਾਗੋ ਪੇਰੈਂਟਸ ਜਾਗੋ ਵੈਲਫੇਅਰ ਸੁਸਾਇਟੀ ਦੇ ਮੈਂਬਰਾਂ ਨੇ ਸ਼ਰਧਾਜ਼ਲੀ ਦਿੱਤੀ। ਜਾਗੋ ਸੋਸਾਇਟੀ ਦੇ ਪ੍ਰਧਾਨ ਹਰੀ ਰਾਮ ਖਿੰਦੜੀ, ਜਗਨਦੀਪ, ਜੌਨੀ ਸਕੱਤਰ, ਪਰਵਿੰਦਰ ਕੁਮਾਰ ਅਤੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਸਪੱਸ਼ਟ ਸ਼ਬਦਾਂ 'ਚ ਕਿਹਾ ਕਿ ਜੇਕਰ ਕਾਤਲਾਂ ਨੂੰ ਜਲਦ ਗ੍ਰਿਫਤਾਰ ਨਾ ਕੀਤਾ ਗਿਆ, ਤਾਂ ਇਹ ਅੰਦੋਲਨ ਹੋਰ ਤੀਖਾ ਤੇ ਵਿਆਪਕ ਹੋਵੇਗਾ। ਉਨ੍ਹਾਂ ਆਖਿਆ ਕਿ ਇਹ ਹਾਦਸੇ ਨਾ






ਸਿਰਫ ਪਰਿਵਾਰਾਂ ਲਈ ਗਹਿਰੀ ਚੋਟ ਹਨ, ਸਗੋਂ ਪੂਰੇ ਸਮਾਜ ਵਾਸਤੇ ਚਿੰਤਾਜਨਕ ਸਥਿਤੀ ਦਾ ਸੰਕੇਤ ਹਨ। ਕਾਤਲਾਂ ਦੀ ਅਜੇ ਤੱਕ ਗ੍ਰਿਫਤਾਰੀ ਨਾ ਹੋਣਾ ਪੁਲਿਸ ਅਤੇ ਪ੍ਰਸ਼ਾਸਨ ਦੀ ਨਾਕਾਮੀ ਹੈ। ਉਨ੍ਹਾਂ ਮੰਗ ਕੀਤੀ ਕਿ ਦੋਸ਼ੀਆਂ ਨੂੰ ਤੁਰੰਤ ਕਾਬੂ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇ। ਸੋਸਾਇਟੀ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਇਸ ਲੜਾਈ ਨੂੰ ਸਿਰਫ ਪ੍ਰਭਾਵਤ ਪਰਿਵਾਰਾਂ ਦੀ ਨਹੀਂ, ਸਗੋਂ ਹਰ ਇਨਸਾਫ ਪਸੰਦ ਨਾਗਰਿਕ ਦੀ ਆਵਾਜ਼ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਇਨਸਾਫ ਮਿਲਣਾ ਹੀ ਅਸਲ ਨਿਆਂ ਅਤੇ ਨੈਤਿਕਤਾ ਦੀ ਜੀਤ ਹੋਵੇਗੀ।

# ਜ਼ਿਲ੍ਹਾ ਮੈਜਿਸਟਰੇਟ ਵਲੋਂ ਪ੍ਰੀਗੇਬਾਲਿਨ ਕੈਪਸੂਲ, ਗੈਬਾਪੈਨਟਿਨ ਕੈਪਸੂਲ ਤੇ ਐਨਾਫੋਰਟਨ ਇੰਜੈਕਸ਼ਨ ਦੀ ਵਿਕਰੀ ਸਬੰਧੀ ਪਾਬੰਦੀ ਦੇ ਆਦੇਸ਼ ਜਾਰੀ

ਜਲੰਧਰ

ਜ਼ਿਲ੍ਹਾ ਮੈਜਿਸਟਰੇਟ, ਜਲੰਧਰ ਡਾ. ਹਿਮਾਂਸ਼ੂ ਅਗਰਵਾਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਜਲੰਧਰ ਦੀ ਹੱਦ ਅੰਦਰ ਪੈਂਦੇ ਏਰੀਏ ਵਿੱਚ ਪ੍ਰੀਗੇਬਾਲਿਨ ਕੈਪਸੂਲ, ਗੈਬਾਪੈਨਟਿਨ ਕੈਪਸੂਲ ਅਤੇ ਐਨਾਫੋਰਟਨ ਇੰਜੈਕਸ਼ਨ ਬਿਨਾਂ ਲਾਇਸੰਸ ਰੱਖਣ, ਮਨਜ਼ੂਰਸ਼ੁਦਾ ਮਾਤਰਾ ਤੋਂ ਵੱਧ ਰੱਖਣ/ ਵੇਚਣ, ਬਿਨ੍ਹਾਂ ਬਿੱਲ ਤੇ ਰਿਕਾਰਡ ਦੇ ਖਰੀਦਣ/ਵੇਚਣ ਅਤੇ ਬਿਨ੍ਹਾਂ ਮਾਹਰ ਡਾਕਟਰ ਦੀ ਪਰਚੀ ਤੋਂ ਕੈਮਿਸਟ ਦੁਕਾਨਾਂ ਉਤੇ ਵੇਚਣ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਇਹ ਹੁਕਮ 4 ਜੂਨ 2025 ਨੂੰ ਜਾਰੀ ਹੋਣ ਦੀ ਮਿਤੀ ਤੋਂ ਅਗਲੇ ਦੋ ਮਹੀਨਿਆਂ ਲਈ ਲਾਗੂ ਰਹੇਗਾ।

# ਡਾ. ਪ੍ਰੀਤੀ ਯਾਦਵ ਵੱਲੋਂ ਬਾਰਾਂਦਰੀ ਬਾਗ ਤੇ ਪੋਲੋ ਗਰਾਊਂਡ ਦਾ ਅਚਨਚੇਤ ਦੌਰਾ

▲ ਜਿਮਨੇਜ਼ੀਅਮ ਹਾਲ ਦੇ ਨਵੀਨੀਕਰਨ ਤੇ ਪੋਲੋ ਗਰਾਊਂਡ ਦੀ ਸਾਫ਼ ਸਫ਼ਾਈ ਦਾ ਡਿਪਟੀ ਕਮਿਸ਼ਨਰ ਨੇ ਲਿਆ ਜਾਇਜ਼ਾ
▲ ਬਾਰਾਂਦਰੀ ਬਾਗ ਦਾ ਵੀ ਜਾਇਜ਼ਾ ਕਿਹਾ, ਬਾਰਾਂਦਰੀ ਦੇ ਸੁੰਦਰੀਕਰਨ ਲਈ ਵਿਆਪਕ ਯੋਜਨਾ ਤਿਆਰ

ਪਟਿਆਲਾ/ਅਮਨ ਸਿੱਧੂ ਮੱਲੇਵਾਲ

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਵੱਲੋਂ ਜਨਤਕ ਸਥਾਨਾਂ ਦੀ ਗਰਾਊਂਡ ਜ਼ੀਰੋ ਤੋਂ ਰਿਪੋਰਟ ਲੈਣ ਦੇ ਮਕਸਦ ਨਾਲ ਬਾਰਾਂਦਰੀ ਬਾਗ ਤੇ ਪੋਲੋ ਗਰਾਊਂਡ ਦਾ ਅੱਜ ਸ਼ਾਮ ਅਚਨਚੇਤ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਨਾਲ ਨਗਰ ਨਿਗਮ ਦੇ ਕਮਿਸ਼ਨਰ ਪਰਮਵੀਰ ਸਿੰਘ ਤੇ ਵਧੀਕ ਡਿਪਟੀ ਕਮਿਸ਼ਨਰ (ਜ) ਇਸ਼ਾ ਸਿੰਗਲ ਵੀ ਮੌਜੂਦ ਸਨ।

ਆਪਣੇ ਦੌਰੇ ਦੌਰਾਨ ਡਾ. ਪ੍ਰੀਤੀ ਯਾਦਵ ਨੇ ਰਾਜਾ ਭਲਿੰਦਰ ਸਿੰਘ ਖੇਡ ਸਟੇਡੀਅਮ ਵਿਖੇ ਜਿਮਨੇਜ਼ੀਅਮ ਹਾਲ ਦੇ ਹੋਏ ਨਵੀਨੀਕਰਨ ਦੇ ਕੰਮ ਦਾ ਜਾਇਜ਼ਾ ਲੈਣ ਸਮੇਤ ਪੋਲੋ ਗਰਾਊਂਡ ਦੀ ਸਾਫ਼ ਸਫ਼ਾਈ ਅਤੇ ਵਿਸ਼ੇਸ਼ ਤੌਰ 'ਤੇ ਬਾਥਰੂਮਾਂ ਦੀ ਸਫ਼ਾਈ ਦਾ ਜਾਇਜ਼ਾ ਲੈਂਦਿਆਂ ਜ਼ਿਲ੍ਹਾ ਖੇਡ ਅਫ਼ਸਰ ਨੂੰ ਹਦਾਇਤ ਕੀਤੀ ਕਿ ਪੋਲੋ ਗਰਾਊਂਡ ਵਿਖੇ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿੱਚ ਖੇਡਣ ਆਉਣ ਵਾਲੇ ਖਿਡਾਰੀਆਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਪੋਲੋ ਗਰਾਊਂਡ ਦੀ ਮੈਨਟੇਨੈਂਸ ਲਈ ਹੋਰ ਵਿਅਕਤੀ ਰੱਖਣ ਲਈ ਕਾਰਵਾਈ ਅਰੰਭਣ ਲਈ ਵੀ ਕਿਹਾ।

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਬਾਰਾਂਦਰੀ ਬਾਗ ਦਾ ਦੌਰਾ ਕਰਦਿਆਂ ਨਗਰ ਨਿਗਮ ਕਮਿਸ਼ਨਰ ਨੂੰ ਵਾਤਾਵਰਣ ਸੁਧਾਰ ਪ੍ਰਜੈਕਟ ਅਧੀਨ ਨੈਸ਼ਨਲ ਕਲੀਨ ਏਅਰ ਪ੍ਰੋਗਰਾਮ (ਐਨਕੈਪ) ਤਹਿਤ ਬਾਰਾਂਦਰੀ ਬਾਗ ਦੇ ਸੁੰਦਰੀਕਰਨ ਲਈ ਤਿਆਰ ਕੀਤੀ ਯੋਜਨਾ ਨੂੰ ਅਮਲੀਜਾਮਾ ਪਹਿਨਾਉਣ ਲਈ ਕੰਮ ਸ਼ੁਰੂ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਬਾਰਾਂਦਰੀ ਬਾਗ ਵਿੱਚ ਲੱਗੇ ਫੁਹਾਰਿਆਂ, ਲਾਈਟਾਂ ਸਮੇਤ ਬੈਂਬੂ ਹਟਸ, ਸ਼ਹਿਰ ਵਾਸੀਆਂ ਦੀ ਸਹੂਲਤ ਲਈ ਬੈਠਣ ਤੇ ਸੈਰ ਕਰਨ ਲਈ ਬਿਹਤਰ ਪ੍ਰਬੰਧ ਕੀਤੇ ਜਾਣ।

ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਪਟਿਆਲਾ ਜ਼ਿਲ੍ਹੇ ਦੀਆਂ ਜਨਤਕ ਥਾਵਾਂ ਦੀ ਗਰਾਊਂਡ ਜ਼ੀਰੋ ਤੋਂ ਰਿਪੋਰਟ ਲੈਣ ਲਈ ਅਚਨਚੇਤ ਦੌਰੇ ਅੱਗੋਂ ਵੀ ਕੀਤੇ ਜਾਣਗੇ ਤਾਂ ਜੋ ਜਿਥੇ ਕਿੱਤੇ ਵੀ ਕੋਈ ਕੰਮੀ ਹੈ, ਉਸ ਨੂੰ ਸੁਧਾਰ ਕੇ ਲੋਕਾਂ ਨੂੰ ਬਿਹਤਰ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ। ਉਨ੍ਹਾਂ ਕਿਹਾ ਕਿ ਅੱਜ ਪਟਿਆਲਾ ਦੇ ਦੋ ਅਜਿਹੇ ਸਥਾਨਾਂ ਦਾ ਦੌਰਾ ਕੀਤਾ ਗਿਆ ਹੈ ਜਿਥੇ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਹਿਰ ਵਾਸੀ ਆਉਂਦੇ ਹਨ। ਉਨ੍ਹਾਂ ਕਿਹਾ ਕਿ ਜਨਤਕ ਸਥਾਨਾਂ 'ਤੇ ਲੋਕਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਵਿੱਚ ਜੇਕਰ ਕਿਸੇ ਕਿਸਮ ਦੀ ਅਣਗਹਿਲੀ ਪਾਈ ਗਈ ਤਾਂ ਸਬੰਧਤ ਵਿਭਾਗ ਦੇ ਅਧਿਕਾਰੀਆਂ ਖਿਲਾਫ਼ ਸਖਤ ਕਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਯੁੱਧ ਨਸ਼ਿਆਂ ਵਿਰੁੱਧ: ਪੰਜਾਬ ਪੁਲਿਸ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਰੋਡਮੈਪ ਤਿਆਰ

ਚੰਡੀਗੜ੍ਹ/ਜਲੰਧਰ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਵਿੱਢੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਜਿਸ ਵਿੱਚ 15,000 ਤੋਂ ਵੱਧ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ, ਦੇ ਪਹਿਲੇ ਤਿੰਨ ਮਹੀਨਿਆਂ ਵਿੱਚ ਮਿਲੀ ਸ਼ਾਨਦਾਰ ਸਫਲਤਾ ਤੋਂ ਬਾਅਦ ਪੰਜਾਬ ਪੁਲਿਸ ਨੇ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਰੋਡਮੈਪ ਤਿਆਰ ਕੀਤਾ ਹੈ। ਇਹ ਐਲਾਨ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਕੀਤਾ। ਉਨ੍ਹਾਂ ਕਿਹਾ ਕਿ ਇਸ ਉਦੇਸ਼ ਦੀ ਪ੍ਰਾਪਤੀ ਲਈ ਨਸ਼ਿਆਂ ਦੇ ਨੈੱਟਵਰਕ ਨੂੰ ਨਸ਼ਟ ਕਰਨ ਲਈ ਦੋ-ਪੱਖੀ ਰਣਨੀਤੀ ਅਪਣਾਈ ਜਾ ਰਹੀ ਹੈ, ਜਿਸ ਵਿੱਚ ਵੱਡੇ ਨਸ਼ਾ ਸਪਲਾਇਰਾਂ/ਤਸਕਰਾਂ ਨੂੰ ਨਸ਼ਾ ਪੀੜਤਾਂ ਤੋਂ ਵੱਖ ਕੀਤਾ ਜਾ ਰਿਹਾ ਹੈ ਜਿਸ ਤਹਿਤ ਤਸਕਰਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ, ਜਦੋਂ ਕਿ ਨਸ਼ਾ ਪੀੜਤਾਂ ਨੂੰ ਨਸ਼ਾ ਛੁਡਾਊ ਇਲਾਜ ਕਰਵਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਡੀਜੀਪੀ ਗੌਰਵ ਯਾਦਵ ਨੇ ਕਿਹਾ, ÷ਸਾਡਾ ਉਦੇਸ਼ ਨਸ਼ੀਲੇ ਪਦਾਰਥਾਂ ਦੇ ਅਸਲ ਡੀਲਰਾਂ ਨੂੰ ਅਲੱਗ ਕਰਕੇ ਅਤੇ ਸਖ਼ਤ ਸਜ਼ਾ ਦੇ ਕੇ ਸਪਲਾਈ ਲੜੀ



ਨੂੰ ਤੋੜਨਾ ਹੈ, ਜਦੋਂ ਕਿ ਨਸ਼ਾ ਪੀੜਤਾਂ ਦੀ ਰਿਕਵਰੀ ਲਈ ਹਮਦਰਦੀ ਭਰਿਆ ਰਵੱਈਆ ਅਪਣਾਉਣਾ ਹੈ।÷ ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਡੀਲਰਾਂ ਵਿਰੁੱਧ ਜ਼ੀਰੋ ਸਹਿਣਸ਼ੀਲਤਾ ਅਤੇ ਨਸ਼ਾ ਪੀੜਤਾਂ ਦੇ ਪੁਨਰਵਾਸ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਡੀਜੀਪੀ ਪੀਏਪੀ ਕੰਪਲੈਕਸ ਜਲੰਧਰ ਵਿਖੇ ਸੂਬੇ ਵਿੱਚ ਵਿੱਢੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ, ਸੂਬੇ ਦੀ ਕਾਨੂੰਨ ਵਿਵਸਥਾ ਅਤੇ ਅੰਦਰੂਨੀ ਸੁਰੱਖਿਆ ਸਥਿਤੀ ਸਬੰਧੀ ਜ਼ਿਲ੍ਹਿਆਂ ਦੀ ਕਾਰਗੁਜ਼ਾਰੀ ਦੀ ਸਮੀਖਿਆ ਕਰਨ ਲਈ ਸੂਬਾ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਇਸ ਮੌਕੇ ਡੀਜੀਪੀ ਦੇ ਨਾਲ ਸਪੈਸ਼ਲ ਡੀਜੀਪੀ ਅੰਦਰੂਨੀ ਸੁਰੱਖਿਆ ਆਰ.ਐਨ. ਢੋਕੇ, ਸਪੈਸ਼ਲ ਡੀਜੀਪੀ ਐਂਟੀ-ਨਾਰਕੋਟਿਕਸ ਫੋਰਸ (ਏਐਨਟੀਐਫ) ਕੁਲਦੀਪ ਸਿੰਘ, ਸਪੈਸ਼ਲ ਡੀਜੀਪੀ ਕਾਨੂੰਨ ਵਿਵਸਥਾ ਅਰਪਿਤ ਸ਼ੁਕਲਾ, ਏਡੀਜੀਪੀ ਏਐਨਟੀਐਫ ਨੀਲਾਭ ਕਿਸ਼ੋਰ ਅਤੇ ਆਈਜੀਪੀ ਹੈੱਡਕੁਆਟਰ ਡਾ. ਸੁਖਚੈਨ ਸਿੰਘ ਗਿੱਲ ਮੌਜੂਦ ਸਨ। ਇਸ ਦੇ ਨਾਲ ਹੀ ਮੀਟਿੰਗ ਵਿੱਚ ਪੰਜਾਬ ਦੇ ਸਾਰੇ ਸੀਨੀਅਰ ਸੁਪਰਡੈਂਟ ਆਫ ਪੁਲਿਸ (ਐਸਐਸਪੀਜ਼), ਕਮਿਸ਼ਨਰ ਆਫ ਪੁਲਿਸ (ਸੀਪੀਜ਼), ਅਤੇ ਰੇਂਜ ਆਈਜੀਜ਼/ਡੀਆਈਜੀਜ਼ ਵੀ ਮੌਜੂਦ ਸਨ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਪੰਜਾਬ ਪੁਲਿਸ ਨੇ ਸੂਚੀ-ਅਧਾਰਤ ਲਾਗੂਕਰਨ ਤੋਂ ਆਪਣਾ ਧਿਆਨ ਸੂਚਨਾ-ਅਧਾਰਤ ਲਾਗੂਕਰਨ ਵੱਲ ਕੇਂਦਰਿਤ ਕੀਤਾ ਹੈ ਤਾਂ ਜੋ ਸੇਫ਼ ਪੰਜਾਬ ਚੈਟਬੋਟ 'ਤੇ ਪ੍ਰਾਪਤ ਹੋਣ ਵਾਲੀਆਂ ਸ਼ਿਕਾਇਤਾਂ 'ਤੇ ਤੇਜ਼ੀ ਨਾਲ ਕਾਰਵਾਈ ਕੀਤੀ ਜਾ ਸਕੇ। ਉਨ੍ਹਾਂ ਕਿਹਾ, ÷ਸਾਡਾ ਮੁੱਖ ਧਿਆਨ ਸੇਫ਼ ਪੰਜਾਬ ਚੈਟਬੋਟ ਨੂੰ ਹੋਰ ਉਤਸ਼ਾਹਿਤ ਕਰਨਾ ਹੈ ਤਾਂ ਜੋ ਜਨਤਾ ਤੋਂ ਪ੍ਰਾਪਤ ਜਾਣਕਾਰੀ ਦੀ ਵਰਤੋਂ ਕਰਕੇ ਨਸ਼ਿਆਂ ਦੀ ਵਿਕਰੀ ਦੇ ਪੱਧਰ 'ਤੇ ਕਾਰਵਾਈ ਕੀਤੀ ਜਾ ਸਕੇ।÷ ਉਨ੍ਹਾਂ ਲੋਕਾਂ ਨੂੰ ਸੇਫ਼ ਪੰਜਾਬ ਚੈਟਬੋਟ: 9779100200 'ਤੇ ਗੁਪਤ ਰੂਪ ਵਿੱਚ ਨਸ਼ਿਆਂ ਨਾਲ ਸਬੰਧਤ ਜਾਣਕਾਰੀ ਦੀ ਰਿਪੋਰਟ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਨੇ ਆਪਣੀ ਰਣਨੀਤੀ ਦੇ ਹਮਦਰਦੀ ਵਾਲੇ ਪਹਿਲੂ ਨੂੰ ਉਜਾਗਰ ਕਰਦਿਆਂ ਕਿਹਾ ਕਿ ਨਸ਼ੀਲੇ ਪਦਾਰਥਾਂ ਦੀ ਥੋੜ੍ਹੀ ਮਾਤਰਾ ਨਾਲ ਫੜੇ ਗਏ 1,121 ਨਸ਼ਾ ਪੀੜਤਾਂ ਨਾਲ ਅਪਰਾਧੀਆਂ ਵਾਂਗ ਵਿਵਹਾਰ ਕਰਨ ਦੀ ਬਜਾਏ ਉਨ੍ਹਾਂ ਨੂੰ ਐਨਡੀਪੀਐਸ ਐਕਟ ਦੀ ਧਾਰਾ 64-ਏ ਤਹਿਤ ਮੁੜ ਵਸੇਬੇ ਲਈ ਭੇਜਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ, ਪੁਲਿਸ ਨੇ 5,786 ਨਸ਼ਾ ਪੀੜਤਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿੱਚ ਇਲਾਜ ਲਈ ਭੇਜਿਆ ਗਿਆ ਹੈ ਅਤੇ ਹੋਰ 6,483 ਨਸ਼ਾ ਪੀੜਤਾਂ ਨੂੰ ਓਓਏਟੀ ਕਲੀਨਿਕਾਂ ਵਿੱਚ ਇਲਾਜ ਪ੍ਰਾਪਤ ਕਰਨ ਲਈ ਪ੍ਰੇਰਿਆ ਹੈ। 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਨਤੀਜੇ ਸਾਂਝੇ ਕਰਦਿਆਂ ਡੀਜੀਪੀ ਨੇ ਦੱਸਿਆ ਕਿ ਪੰਜਾਬ ਪੁਲਿਸ ਨੇ 1 ਮਾਰਚ, 2025 ਤੋਂ ਹੁਣ ਤੱਕ 9087 ਐਫਆਈਆਰ ਦਰਜ ਕੀਤੀਆਂ ਹਨ ਅਤੇ 15,495 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 607 ਕਿਲੋ ਹੈਰੋਇਨ, 249 ਕਿਲੋ ਅਫੀਮ, 14 ਟਨ ਭੁੱਕੀ, 9 ਕਿਲੋ ਚਰਸ, 263 ਕਿਲੋ ਗਾਂਜਾ, 2.5 ਕਿਲੋ ਆਈਸੀਈ, 1.6 ਕਿਲੋ ਕੋਕੀਨ, 26.35 ਲੱਖ ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 10.83 ਕਰੋੜ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਇਸ ਤੋਂ ਇਲਾਵਾ, 144 ਨਸ਼ਾ ਤਸਕਰਾਂ ਦੀਆਂ 74.27 ਕਰੋੜ ਰੁਪਏ ਦੀਆਂ ਗੈਰ-ਕਾਨੂੰਨੀ ਤੌਰ 'ਤੇ ਪ੍ਰਾਪਤ ਕੀਤੀਆਂ ਜਾਇਦਾਦਾਂ ਨੂੰ ਫਰੀਜ਼ ਕੀਤਾ ਗਿਆ ਹੈ।

ਡੀਜੀਪੀ ਨੇ ਕਿਹਾ ਕਿ ਪੰਜਾਬ ਪੁਲਿਸ ਜ਼ਮਾਨਤ 'ਤੇ ਰਿਹਾਅ ਹੋਏ ਵੱਡੇ ਨਸ਼ਾ ਤਸਕਰਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਅਤੇ ਨਿਗਰਾਨੀ ਲਈ ਜੀਪੀਐਸ ਐਂਕਲੇਟਸ ਦੀ ਵਰਤੋਂ ਕਰਨ ਦੀ ਵੀ ਪੜਚੋਲ ਕਰ ਰਹੀ ਹੈ। ਉਨ੍ਹਾਂ ਕਿਹਾ, ÷ਅਸੀਂ ਸਮਰੱਥ ਅਦਾਲਤ ਦੀ ਪ੍ਰਵਾਨਗੀ ਨਾਲ ਜੀਪੀਐਸ ਐਂਕਲੇਟਸ ਰਾਹੀਂ ਜ਼ਮਾਨਤ 'ਤੇ ਰਿਹਾਅ ਹੋਏ ਵੱਡੇ ਤਸਕਰਾਂ ਦੀਆਂ ਗਤੀਵਿਧੀਆਂ ਨੂੰ ਟਰੈਕ ਕਰਨ ਅਤੇ ਨਿਗਰਾਨੀ ਕਰਨ ਲਈ ਕਾਨੂੰਨੀ ਪੱਖ ਤੋਂ ਪ੍ਰਸਤਾਵ ਦੀ ਜਾਂਚ ਕਰ ਰਹੇ ਹਾਂ।÷ ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਐਨਡੀਪੀਐਸ ਐਕਟ ਤਹਿਤ ਗ੍ਰਿਫ਼ਤਾਰ ਕੀਤੇ ਗਏ

# ਸ਼ਹੀਦ ਜੈਮਲ ਸਿੰਘ ਸੀਨੀਅਰ ਸੈਕੰਡਰੀ ਸਕੂਲ ਮਾਨਾਵਾਲਾ ਨੇ ਬੱਚਿਆਂ ਨੂੰ ਨਸ਼ਿਆਂ ਅਤੇ ਟਰੈਫਿਕ ਨਿਯਮਾਂ ਬਾਰੇ ਜਾਗਰੂਕ ਕੀਤਾ

ਅੰਮ੍ਰਿਤਸਰ, ਅੰਮ੍ਰਿਤਾ ਭਗਤ

ਸ਼ਹੀਦ ਜੈਮਲ ਸਿੰਘ ਸੀਨੀਅਰ ਸੈਕੰਡਰੀ ਸਕੂਲ ਵਿਖੇ ਨਸ਼ਿਆਂ ਤੋਂ ਦੂਰ ਰਹਿਣ ਅਤੇ ਟ ?ਰੈਫਿਕ ਨਿਯਮਾਂ ਸਬੰਧੀ ਸੈਮੀਨਾਰ ਕਰਵਾਇਆ ਗਿਆ, ਜਿਸ ਵਿਚ ਟ ?ਰੈਫਿਕ ਐਜੂਕੇਸ਼ਨਲ ਪੁਲਿਸ ਜ਼ਿਲਾ ਦਿਹਾਤੀ ਦੇ ਇੰਚਾਰਜ ਏ.ਐੱਸ.ਆਈ.ਇੰਦਰਮੋਹਨ ਸਿੰਘ ਅਤੇ ਟ ?ਰੈਫਿਕ ਮਾਰਸ਼ਲ ਸੁਜਾਨ ਸਿੰਘ ਫੌਜੀ ਨੇ ਸਕੂਲੀ ਬੱਚਿਆਂ ਨੂੰ ਜਾਗਰੂਕ ਕੀਤਾ। ਟ ?ਰੈਫਿਕ ਮਾਰਸ਼ਲ ਪੁਲਿਸ ਜ਼ਿਲ੍ਹਾ ਦਿਹਾਤੀ ਸੁਜਾਨ ਸਿੰਘ ਫੌਜੀ ਖਾਨਕੋਟ ਅਤੇ ਏਐਸਆਈ ਇੰਦਰਮੋਹਨ ਸਿੰਘ ਨੇ ਬੱਚਿਆਂ ਨੂੰ ਟ ?ਰੈਫਿਕ ਨਿਯਮਾਂ




ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਪੈਦਲ ਵਿਅਕਤੀ ਨੂੰ ਹਮੇਸ਼ਾ ਖੱਬੇ ਪਾਸੇ ਚਲਣਾ ਚਾਹੀਦਾ ਹੈ, ਨਸ਼ਾ ਕਰਕੇ ਵਾਹਨ ਨਹੀਂ ਚਲਾਉਣਾ ਚਾਹੀਦਾ ਹੈ, ਦੋ ਪਹੀਆ ਵਾਹਨ ਚਲਾਉਂਦੇ ਸਮੇਂ ਹੈਲਮੇਟ ਪਹਿਨਣਾ ਚਾਹੀਦਾ ਹੈ, ਚਾਰ ਪਹੀਆ ਵਾਹਨ ਚਲਾਉਂਦੇ ਸਮੇਂ ਸੀਟ ਬੈਲਟ ਪਹਿਨਣੀ ਚਾਹੀਦੀ ਹੈ, ਲਾਲ ਬੱਤੀ 'ਤੇ ਰੁਕ ਕੇ ਹਰੀ ਬੱਤੀ 'ਤੇ ਵਾਹਨ ਚਲਾਉਣਾ ਚਾਹੀਦਾ ਹੈ ਅਤੇ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਦੇ ਹੋਏ ਅਤੇ ਸ਼ਰਾਬ ਪੀ ਕੇ ਵਾਹਨ ਨਾ ਚਲਾ ਕੇ ਕਿਸੇ ਵੀ ਤਰ੍ਹਾਂ ਦੀ ਦੁਰਘਟਨਾ ਤੋਂ ਅਸੀਂ ਬਚ ਸਕਦੇ ਹਾਂ ਆਪਣੀ ਤੇ ਰਾਹਗੀਰ ਜਾਣ ਵਾਲਿਆਂ ਦੀ ਜਾਨ ਬਚਾਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਕਈ ਲੋਕ ਟ ?ਰੈਫਿਕ ਨਿਯਮਾਂ ਦੀ ਪਾਲਣਾ ਨਾ ਕਰਨ ਅਤੇ ਨਸ਼ਿਆਂ ਦੇ ਪ੍ਰਭਾਵ ਹੇਠ ਗੱਡੀ ਚਲਾਉਣ ਕਾਰਨ ਆਪਣੀ ਜਾਨ ਗੁਆ ? ?ਚੁੱਕੇ ਹਨ। ਇਸ ਲਈ ਸਾਨੂੰ ਟ ?ਰੈਫਿਕ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਇਸ ਮੌਕੇ ਪਿ ?ਰੰਸੀਪਲ ਮੈਡਮ ਸੁਖਰੁਪਿੰਦਰ ਕੌਰ, ਗੁਰਿੰਦਰਜੀਤ ਸਿੰਘ, ਮਹਿਲਜੀਤ ਸਿੰਘ, ਕਮਲਜੀਤ ਸਿੰਘ ਅਤੇ ਸਕੂਲ ਦੇ ਬੱਚੇ ਅਤੇ ਸਟਾਫ਼ ਹਾਜ਼ਰ ਸੀ੍

# ਬੇਅੰਤ ਹੈ ਪਾਕਿਸਤਾਨ ਦੇ ਅਪਰਾਧਾਂ ਦੀ ਕਹਾਣੀ : ਮਨੀਸ਼ ਤਿਵਾੜੀ

**ਕਿਹਾ, ਪਰਮਾਣੂ ਧਮਕੀ ਅੱਗੇ ਨਹੀਂ ਝੁਕੇਗਾ ਭਾਰਤ, ਹਰ ਹਮਲੇ ਦਾ ਦਿਤਾ ਜਾਵੇਗਾ ਢੁੱਕਵਾਂ ਜਵਾਬ**

**ਚੰਡੀਗੜ੍ਹ**। ਕਾਂਗਰਸ ਦੇ ਸੰਸਦ ਮੈਂਬਰ ਅਤੇ ਸਰਬ-ਪਾਰਟੀ ਵਫ਼ਦ ਦੇ ਮੈਂਬਰ ਮਨੀਸ਼ ਤਿਵਾੜੀ ਨੇ ਬੁੱਧਵਾਰ ਨੂੰ ਕਿਹਾ ਕਿ ਇਹ ਪਹਿਲੀ ਵਾਰ ਹੈ ਜਦੋਂ ਪਾਕਿਸਤਾਨ ਦੇ ਅਪਰਾਧਾਂ ਦੀ ਕਹਾਣੀ ਨੂੰ ਇੰਨੇ ਵਿਆਪਕ ਢੰਗ ਨਾਲ ਦੱਸਿਆ ਗਿਆ ਹੈ। ਐਨਸੀਪੀ-ਐਸਸੀਪੀ ਸੰਸਦ ਮੈਂਬਰ ਸੁਪ੍ਰੀਆ ਸੁਲੇ ਦੀ ਅਗਵਾਈ ਵਾਲੇ ਵਫ਼ਦ 'ਚ ਸ਼ਾਮਲ ਤਿਵਾੜੀ ਨੇ ਇਹ ਵੀ ਕਿਹਾ ਕਿ ਭਾਰਤ ਦਹਾਕਿਆਂ ਤੋਂ ਪਾਕਿਸਤਾਨ-ਪ੍ਰਯੋਜਿਤ ਅਤਿਵਾਦ ਦਾ ਸ਼ਿਕਾਰ ਰਿਹਾ ਹੈ।

ਉਨ੍ਹਾਂ ਕਿਹਾ, "ਪਾਕਿਸਤਾਨ ਦੇ ਅਪਰਾਧਾਂ ਦੀ ਕਹਾਣੀ ਬੇਅੰਤ ਹੈ ਅਤੇ ਮੈਨੂੰ ਲੱਗਦਾ ਹੈ ਕਿ ਪਹਿਲੀ ਵਾਰ ਸਾਡੇ ਵਫ਼ਦ ਨੇ ਇਹ ਕਹਾਣੀ ਸਾਡੇ ਵਾਰਤਾਕਾਰਾਂ ਨੂੰ ਵਿਆਪਕ ਅਤੇ ਸੰਪੂਰਨ ਤੌਰ 'ਤੇ ਦੱਸੀ ਹੈ,"। ਉਨ੍ਹਾਂ ਕਿਹਾ, "ਭਾਰਤ ਦੁਨੀਆ ਨੂੰ ਇਹ ਕਹਾਣੀ ਦੱਸਣ ਵਿੱਚ ਸਫਲ ਰਿਹਾ ਹੈ ਕਿ ਅਸੀਂ 45 ਸਾਲਾਂ ਤੋਂ ਪਾਕਿਸਤਾਨ-ਪ੍ਰਯੋਜਿਤ ਅਤਿਵਾਦ ਦੇ ਸ਼ਿਕਾਰ ਰਹੇ ਹਾਂ। ਇਹ ਸਿਰਫ਼ ਪਹਿਲਗਾਮ ਦੀ ਮੰਦਭਾਗੀ ਤ੍ਰਾਸਦੀ ਹੀ ਨਹੀਂ ਹੈ ਜਿਸ ਦੇ ਨਿਸ਼ਾਨ ਪਾਕਿਸਤਾਨ ਵਲ ਜਾਂਦੇ ਹਨ।"